# ਅਹਿਸਾਸ ਦੀਆਂ ਰੁੱਤਾਂ

# ਅਹਿਸਾਸ ਦੀਆਂ ਰੁੱਤਾਂ

ਰਮਨਪ੍ਰੀਤ ਗਿੱਲ

# ਅਹਿਸਾਸ ਦੀਆਂ ਰੁੱਤਾਂ

ਰਮਨਪ੍ਰੀਤ ਗਿੱਲ
©Ramanpreet Gill
13221, Kessler Street,
Overland Park, Kansas
USA, 66213
Ph : 913-428-7692
preet5aban@gmail.com

2014

Price $ 10

**ਕੀਮਤ 125 ਰੁਪੈ**

ਪਿਛਲੇ ਪੰਨੇ ਦੀ ਫੋਟੋ : ਰਵੀ ਦੀਪ
ਟਾਇਟਲ : ਜਨਮੇਜਾ ਜੌਹਲ

ਪ੍ਰਕਾਸ਼ਕ : ਏਸ਼ੀਆ ਵਿਜ਼ਨ
**1-209-589-3367**

*ਇਹ ਕਿਤਾਬ , ਸਾਂਈਂ ਮੀਆਂ ਮੀਰ ਪੰਜਾਬੀ ਪੁਸਤਕ ਵਿਕਰੀ ਕੇਂਦਰ, ਪੰਜਾਬੀ ਭਵਨ, ਲੁਧਿਆਣਾ ਤੋਂ ਵੀ ਪਾਠਕਾਂ ਲਈ ਅੱਧੇ ਮੁੱਲ ਤੇ ਮਿਲ ਸਕਦੀ ਹੈ। **91-161-2400905***

# ਸਮਰਪਣ

ਮੇਰੀ ਸੀਰਤ ਅਤੇ ਮੇਰੇ ਮਹਿਤਾਬ ਲਈ

# ਆਪਣੀ ਗੱਲ

ਸਾਹਿਤ ਪੜ੍ਹਨ ਦਾ ਸ਼ੌਂਕ ਮੈਨੂੰ ਮੁੱਢ ਤੋਂ ਹੀ ਰਿਹਾ ਹੈ। ਪਰ ਜਿੰਨਾਂ ਇਸ ਨਾਲ ਜੁੜ ਕੇ ਰਹਿਣਾ ਚਾਹੁੰਦੀ ਸੀ, ਉਨਾਂ ਰਹਿ ਨਹੀਂ ਸਕੀ। ਹੁਣ ਵਸੀਲੇ ਵੱਧਣ ਨਾਲ, ਮੁੜ ਪੰਜਾਬੀ ਸਾਹਿਤ ਨਾਲ ਸਾਂਝ ਵਧਾਉਣ ਦਾ ਮੌਕਾ ਮਿਲਿਆ ਹੈ।

ਸੁਣਿਆ ਹੈ, ਕਿ ਕਵਿਤਾਵਾਂ, ਕਵਿਤਾ ਲਿਖਣ ਵਾਲੇ ਦੇ ਮਨ ਦਾ ਸ਼ੀਸ਼ਾ ਹੁੰਦੀਆਂ ਨੇ। ਇਸ ਧਾਰਨਾ ਨੂੰ ਮੰਨਦੇ ਹੋਏ ਇਹ ਕਹਾਂਗੀ ਕਿ ਮੇਰੀਆਂ ਕਵਿਤਾਵਾਂ ਮੇਰਾ ਸ਼ੀਸ਼ਾ ਹਨ। ਕਿੰਨਾ ਚਿਰ ਇਹ ਸ਼ੀਸ਼ਾ ਵੇਖਣ ਤੋਂ ਕੰਨੀ ਕਤਰਾਉਂਦੀ ਰਹੀ ਹਾਂ। ਹੌਲੀ-ਹੌਲੀ ਆਪਣੇ ਆਪ ਦੇ ਰੂ ਬ ਰੂ ਹੋਣਾ ਸਿਖਿਆ ਹੈ।

ਮੇਰੇ ਅਹਿਸਾਸਾਂ ਨਾਲ ਪਰੋਈ, ਮੇਰੀਆਂ ਕਵਿਤਾਵਾਂ ਦੀ ਪਲੇਠੀ ਪੁਸਤਕ ਤੁਹਾਡੇ ਸਾਹਵੇਂ ਹੈ। ਇਹਨਾਂ ਕਵਿਤਾਵਾਂ ਰਾਹੀਂ ਹਰ ਤਰਾਂ ਦੇ ਅਹਿਸਾਸ ਦੀ ਰੁੱਤ ਹੰਢਾਈ ਹੈ। ਆਸ ਹੈ ਇਹਨਾਂ ਰੁੱਤਾਂ ਦਾ ਰੂਪ-ਰੰਗ ਪਾਠਕ ਸਵੀਕਾਰ ਕਰਨਗੇ

ਬਹੁਤਾ ਨਾ ਕਹਿੰਦੇ ਹੋਈ, ਆਪਣੀ ਪਹਿਲੀ ਕੋਸ਼ਿਸ਼, ਆਪਣੀ ਕਾਵਿ-ਪੁਸਤਕ ਤੁਹਾਡੇ ਸਨਮੁੱਖ ਕਰਦੀ ਹਾਂ।

ਦੁਆਵਾਂ
ਰਮਨਪ੍ਰੀਤ

# ਧੰਨਵਾਦ

ਆਪਣੇ ਜੀਵਨ-ਸਾਥੀ ਦੇ ਹੁੰਗਾਰੇ ਦੀ ਸ਼ੁਕਰਗੁਜ਼ਾਰ ਹਾਂ।

ਇਹਨਾਂ ਕਵਿਤਾਵਾਂ ਨੂੰ ਕਿਤਾਬੀ ਰੂਪ ਦੇਣ ਲਈ, ਬਹੁਤ ਦੋਸਤਾਂ ਤੋਂ ਹੱਲਾਸ਼ੇਰੀ ਮਿਲੀ ਹੈ, ਸਭ ਦਾ ਨਾਮ ਨਹੀਂ ਲਿਖ ਸਕਾਂਗੀ। ਸਭ ਦੀ ਧੰਨਵਾਦੀ ਹਾਂ।

ਪਿਆਰੀ ਗੁੱਲੂ (ਗੁਲਸ਼ਨ ਦਿਆਲ), ਖੁਸ਼ਹਾਲ ਵੀਰ, ਕਮਲ ਸਿੰਘ ਅਤੇ ਫੇਸਬੁੱਕ ਰਾਹੀਂ ਜੁੜੇ ਬਾਕੀ ਦੋਸਤਾਂ ਦਾ ਧੰਨਵਾਦ ਅਤੇ ਬਹੁਤ-ਬਹੁਤ ਪਿਆਰ ਜੋ ਮੇਰੇ ਨਾਲ ਟੁਰਦੇ ਰਹੇ। ਆਪਣੇ ਨਿੱਕੇ ਵੀਰ ਗਗਨਜੋਤ ਦੀ ਧੰਨਵਾਦੀ ਹਾਂ, ਜਿਹੜਾ ਹੱਸ ਕੇ ''ਭੈਣ, ਤੂੰ ਕਿੰਨੀ ਅਜੀਬ ਜਿਹੀ ਐਂ..'' ਆਖ, ਫੇਰ ਕਹਿ ਦਿੰਦੈ, ''ਕੋਈ ਨਾ, ਤੂੰ ਕਰੀ ਚੱਲ ਜੋ ਕਰਨੈ, ਆਪਾਂ ਤੇਰੇ ਨਾਲ ਆ ''। ਆਪਣੇ ਵੱਡੇ ਵੀਰ ਅਮਨਪ੍ਰੀਤ ਦੀ ਸ਼ੁਕਰਗੁਜ਼ਾਰ ਹਾਂ, ਜਿਸਨੇ ਮੇਰੀਆਂ ਕਵਿਤਾਵਾਂ ਸੁਣ ਹੁੰਗਾਰਾ ਭਰਿਆ।

ਮੇਰੀਆਂ ਕੁਝ ਕਵਿਤਾਵਾਂ ਦੀ ਐਡੀਟਿੰਗ, ਮੇਰੇ ਸਤਿਕਾਰਯੋਗ ਚਾਚਾ ਜੀ, ਸ. ਗੁਰਮੀਤ ਸਿੰਘ ਅਤੇ ਉੱਘੇ ਲੇਖਕ ਸ. ਗੁਰਚਰਨ ਸਿੰਘ ਪੱਬਾਰਾਲੀ ਦੀ ਮਦਦ ਨਾਲ ਕੀਤੀ ਗਈ ਹੈ, ਬਹੁਤ ਧੰਨਵਾਦੀ ਹਾਂ।

ਰਮਨਪ੍ਰੀਤ

# ਤਤਕਰਾ


5 ਸਮਰਪਣ

6 ਆਪਣੀ ਗੱਲ

7 ਧੰਨਵਾਦ

11 ਜੁਗਨੂੰਆਂ ਦਾ ਚਾਨਣ

12 ਮੇਰੀ ਅੱਖਰਾਂ ਦੇ ਨਾਲ ਯਾਰੀ

13 ਜ਼ਿੰਦਗੀ

14 ਮੁੜਜਾ ਜੋਗੀ ਪੀਰਾ

15 ਮਹਿੰਦੀ ਦਾ ਰੰਗ

17 ਹਾਵੇ

19 ਫੁੱਲ ਲਿਆਵੀਂ ਕਿੱਕਰਾਂ ਦੇ

20 ਸੋਚਾਂ ਦੀ ਤੰਦ

21 ਰੁੱਖ ਉੱਤੇ ਆਹਲਣਾ

22 ਸੱਜਣਾ ਦੇ ਦੇਸ ਵੀ ਜਾ

23 ਇੱਕ ਸੀ ਧਰਤੀ ਦੀ ਬੇਟੀ

24 ਇੱਕ ਦੀਵਾ ਤੂੰ ਬਾਲ ਵੇ ਪੀਰਾ

25 ਜਿੰਦੜੀ ਦਾ ਚਰਖਾ

26 ਯਾਦਾਂ ਦੀ ਪੈੜ

27 ਕੁਝ ਸ਼ਬਦ, ਕੁਝ ਖਿਆਲ

29 ਅਣਕਿਹਾ

31 ਉੱਚੀ ਉੜਾਨ

33 ਜਨਮਾਂ ਦੀ ਭਟਕਣ

34 ਪਤਾ ਨਹੀਂ

35 ਅਹਿਸਾਸ

36 ਯਾਦਾਂ ਦੀ ਵਲਗਣ

37 ਮੋਰ-ਖੰਬ

38 ਪੰਡ ਮੇਰੇ ਸੁਪਨੇ ਦੀ

39 ਤੈਨੂੰ ਲਿਖੇ ਖ਼ਤ

40 ਆਵੀਂ ਮੇਰੇ ਵਿਹੜੇ

42 ਸੁਪਨੇ

44 ਕਵਿਤਾ ਨਹੀਂ

46 ਅੱਖਰ

47 ਦਿਲ ਕਰਦੈ

48 ਪੀਚੋ

49 ਮੁਲਾਕਾਤ

50 ਜੋਗੀਆਂ ਵਾਲਾ ਫੇਰਾ

51 ਕਦੇ-ਕਦੇ

53 ਪਿੰਡ ਦੀ ਹਵਾ

55 ਦਿਲ ਨਾ ਜਾਣੇ ਜੋਗੀਆ

56 ਰਿਸ਼ਤੇ ਦੀ ਥਾਹ

57 ਇਸ਼ਕ

58 ਚੁੱਪ

59 ਰੁੱਤੇ ਸਾਉਣ ਦੀਏ

60 ਰਿਸ਼ਤੇ

62 ਉਹ ਕੁੜੀ ਬਹੁਤ ਉਦਾਸ ਹੈ

64 ਯਾਦਾਂ ਦੇ ਨਕਸ਼

65 ਕਾਗਜ਼ੀ ਗੱਲਾਂ !!

66 ਕਿੰਝ ਸਮਝਾਵਾਂ ਕਮਲੀ ਨੂੰ

68 ਬਰਫ ਦੀ ਸਲੇਟ

69 ਸਿਆਹੀ ਤੇਰੇ ਹੰਝੂਆਂ ਵਾਲੀ.....

70 ਰੂਹਾਂ
71 ਵਰਕਾ ਲੈ ਦੇ ਧਰਤ ਜਿਹਾ
72 ਸੋਚਾਂ ਦਾ ਸਾਂਝੀ ..........
73 ਬੂਟੇ ਨਾਲ ਗੱਲਬਾਤ
75 ਪੱਤੇ ਦੇ ਸਵਾਲ
78 ਮੇਰਾ ਸਵਰਗ.....

# ਜੁਗਨੂੰਆਂ ਦਾ ਚਾਨਣ

ਮੈਂ ਰਾਤ ਨੂੰ ਬੂਹਾ ਖੋਲ
ਆਉਂਦੇ ਜਾਂਦੇ ਜੁਗਨੂੰਆਂ ਦਾ ਚਾਨਣ ਫੜਦੀ ਹਾਂ
ਟਿਮਟਿਮਾਉਂਦੇ ਜਗਮਗਾਉਂਦੇ
ਭਟਕੇ ਰਾਹੀਂਆਂ ਦੇ ਰਾਹ ਰੁਸ਼ਨਾਉਂਦੇ
....ਜੁਗਨੂੰ, ਮੈਨੂੰ ਬੜੇ ਚੰਗੇ ਲਗਦੇ ਨੇ.......
ਪਰ ਮੇਰੀ ਮਾਂ ਨੂੰ ਜੁਗਨੂੰਆਂ ਨਾਲ ਮੇਰੀ ਦੋਸਤੀ
ਚੰਗੀ ਨਹੀ ਲਗਦੀ
ਪਤਾ ਨਹੀਂ ਕਿਉਂ ?'
ਮੈਂ ਕਮਲੀ ਮੱਥੇ ਤਿਓੜੀ ਪਾ ਮਾਂ ਨੂੰ ਪੁੱਛਦੀ ਹਾਂ
ਮਾਂ ਜਿਵੇਂ ਹੱਥ ਨਾਲ ਮੇਰੇ ਮੱਥੇ ਦੀ ਤਿਓੜੀ ਸਾਫ਼ ਕਰਕੇ
ਬੂਹਾ ਢੋਂਦੀ ਆਖਦੀ ਏ
'ਕੁਵੇਲਾ ਹੋ ਗਿਆ ਏ, 'ਰਾਮ ਨਾ' ਸਉਂ, ਤੂੰ ਕਿਤੇ ਨਿਆਣੀ ਏਂ?'
ਮੈਂ ਝੂਠੀ-ਮੂਠੀ ਅੱਖਾਂ ਮੀਟ ਲੈਂਦੀ ਹਾਂ
.....ਪਰ .....ਹਨੇਰੇ ਵਿਚ ਮੇਰੇ ਮੱਥੇ ਦੀ ਤਿਓੜੀ
ਮੇਰੀ ਮਾਂ ਦੇ ਮੱਥੇ ਚਮਕਣ ਲਗਦੀ ਏ
ਸ਼ਾਇਦ ਕੋਈ ਜੁਗਨੂੰ ਘਰ ਦੇ ਅੰਦਰ ਰਹਿ ਗਿਆ ਏ.....
ਸ਼ਾਇਦ..........

# ਮੇਰੀ ਅੱਖਰਾਂ ਦੇ ਨਾਲ ਯਾਰੀ

ਅੱਖਰ ਮੇਰੇ ਰੋਮ ਰੋਮ ਵਿੱਚ, ਮੇਰੀ ਅੱਖਰਾਂ ਦੇ ਨਾਲ ਯਾਰੀ
ਲੋਕੀਂ ਕਹਿੰਦੇ ਕਮਲੀ ਹੋ ਗਈ, ਮੇਰੀ ਮੱਤ ਅੱਖਰਾਂ ਨੇ ਮਾਰੀ.....
ਮਾਂ ਮੇਰੀ ਮੈਨੂੰ ਮੱਤਾਂ ਦੇਂਦੀ, ਉੱਠ ਧੰਦੇ ਹੱਥ ਪਾ ਲੈ
ਸਖੀਆਂ ਮੈਨੂੰ ਮਾਰਨ ਤਾਅਨੇ, ਹਾਰ- ਸ਼ਿੰਗਾਰ ਲਗਾ ਲੈ
ਮੈਂ ਅੱਖਰਾਂ ਨਾਲ ਮਸਤ-ਮਲੰਗੀ, ਕਿਉਂ ਲੋਕੀਂ ਕਹਿਣ ਵਿਚਾਰੀ?.....
ਅੱਖਰ ਆਸੇ-ਪਾਸੇ ਨੱਚਦੇ, ਸੁਰਮੇ ਵਾਂਗੂੰ ਜਚਦੇ
ਹਾਰ-ਸ਼ਿੰਗਾਰ ਮੇਰਾ ਬਣ ਜਾਵਣ, ਬਣ ਜਾਵਣ ਕੰਗਣ ਕੱਚ ਦੇ
ਮੈਂ ਕੋਝੀ ਨੂੰ ਰੂਪ ‘ਚਾ’ ਦਿੱਤਾ, ਅੱਖਰਾਂ ਤੋਂ ਮੈਂ ਵਾਰੀ
ਇਹ ਅੱਖਰ ਮੇਰੇ ਸਾਂਝੀ ਬਣਦੇ, ਮੇਰੀਆਂ ਪੀੜਾਂ ਮਾਂ ਬਣ ਜਣਦੇ
ਕੋਝੀ ਕਮਲੀ ਮੂਲ ਨਾ ਸਮਝੀ, ਸਾਈਂ ਬਣ ਗਏ ਇਹ ਕਣ-ਕਣ ਦੇ
ਦਿਲ ਮੇਰੇ ਨੂੰ ਹੋਸ਼ ਨਾ ਕਾਈ, ਹਾਏ! ਅੱਖਰਾਂ ਦੀ ਚੜੀ ਖੁਮਾਰੀ......
ਮੇਰੀ ਅੱਖਰਾਂ ਦੇ ਨਾਲ ਯਾਰੀ ............

# ਜ਼ਿੰਦਗੀ

ਜ਼ਿੰਦਗੀ, ਬੜੇ ਗਿਲੇ ਨੇ ਤੇਰੇ ਨਾਲ
ਜੇ ਤੂੰ ਉਸ ਵੇਲੇ ਧੋਖਾ ਨਾ ਕਰਦੀ
ਜੇ ਤੂੰ ਉਸ ਵੇਲੇ ਸਾਥ ਦੇ ਦੇਂਦੀ
ਤਾਂ ਸ਼ਾਇਦ ..........
ਕਈ ਉਲਾਂਭੇ ਸਾਂਭ ਰੱਖੇ ਨੇ
ਪਰ, ਤੂੰ ਮੈਨੂੰ ਵੇਖ, ਹਮੇਸ਼ਾ
ਝਕਾਨੀ ਦੇ ਲੰਘ ਜਾਂਦੀ ਰਹੀ ਏਂ
.....ਇਹਨਾ ਸੋਚਾਂ ਦੀ ਘੁਮਣਘੇਰੀ ਵਿੱਚ
ਉਲਝੀ ਹੀ ਹੋਈ ਸੀ
ਕਿ ਬੱਚਿਆਂ ਦਾ ਛਣਕਦਾ ਹਾਸਾ
ਮੇਰੀਆਂ ਸੋਚਾਂ ਦੀ ਲੜੀ ਤੋੜਦੈ
ਮੇਰੀ ਲਾਡਲੀ ਧੀ ਤੇ ਭੋਲਾ ਪੁੱਤ
ਦੁਨੀਆਂ ਤੋਂ ਬੇਖਬਰ
ਆਪਣੀ ਖੇਡ ਵਿੱਚ ਮਸਤ ਨੇ.........
.....ਫਿਰ ਇੱਕ ਝੱਲੀ ਜਿਹੀ ਮੁਸਕਾਨ,
ਮੇਰੇ ਦਿਲ ਤੋਂ ਸ਼ੁਰੂ ਹੋ ਕੇ,
ਬੁੱਲਾਂ ਤੇ ਬਿਖਰਦੀ ਹੋਈ
ਸਾਰਾ ਘਰ ਰੌਸ਼ਨ ਕਰ ਜਾਂਦੀ ਹੈ
ਸੱਚ ਜ਼ਿੰਦਗੀ, ਤੇਰੇ ਨਾਲ
ਕੋਈ ਗੱਲ ਕਰਨੀ ਸੀ ਸ਼ਾਇਦ !
ਪਰ ਤੂੰ ਮਸ਼ਰੂਫ ਹੈਂ, ਮੇਰੇ ਬੱਚਿਆਂ ਨੂੰ
ਹਾਸੇ ਵੰਡਣ ਵਿੱਚ,
ਗੱਲਾਂ ਦਾ ਕੀ ਹੈ!!
ਬਾਅਦ ਵਿੱਚ ਹੁੰਦੀਆਂ ਰਹਿਣਗੀਆਂ......

# ਮੁੜਜਾ ਜੋਗੀ ਪੀਰਾ

ਭੋਗਣ ਬਣ ਰਹੀ ਭੋਗਦੀ,
ਤੇਰਾ ਹਰ ਛਿਨ ਬੇਵਫਾਈ ਦਾ
ਕਿਉਂ ਸਾਹਵੇਂ ਆਵੇਂ ਜਾਵੇਂ ਵੇ,
ਭੁੱਲ ਗਈ ਸਾਂ ਸੱਲ ਜੁਦਾਈ ਦਾ
ਭਰ ਨੈਣ ਕਟੋਰੇ ਪੇਸ਼ ਕਰਾਂ,
ਮੈਂ ਪੀੜਾਂ ਦੀ ਸ਼ਰਦਾਈ ਦਾ
ਜਾ ਮੁੜਜਾ ਜੋਗੀ ਪੀਰਾ ਵੇ,
ਹੈ ਵਾਸਤਾ ਦਿਲ ਦੀ ਲਾਈ ਦਾ
ਜਾਂ ਹੋਰ ਹੀਰ ਦਾ ਦਰ ਖੜਕਾ,
ਲੰਬਾ ਪੈਂਡਾ ਤੇਰਾ ਸੁਣਾਈਦਾ
ਕਿਉਂ ਹੋਇਉਂ ਬੇਪਰਵਾਹ ਜੋਗੀ,
ਹਾਉਂਕਾ ਲਗਸੀ ਕੁੱਲ ਲੁਕਾਈ ਦਾ
ਨਹੀ ਮੰਨਦਾ, ਹਾਏ ਨਹੀਂ ਮੰਨਦਾ,
ਕੀ ਕਰਸਾਂ ਓਸ ਸ਼ੁਦਾਈ ਦਾ
ਇਹ ਤਨ ਮਿੱਟੀ ਇਹ ਮਨ ਮਿੱਟੀ,
ਕਿਵ, ਮਿੱਟੀ ਨੂੰ ਗਲ ਲਾਈਦਾ
ਮਿੱਟੀ ਨੂੰ ਧਰਤ ਦੀ ਭੇਟ ਕਰਾਂ,
ਨਹੀ ਮਿੱਟੀ ਪੂਜਣ ਚਾਹੀਦਾ
ਮਿੱਟੀ ਦਾ ਸੌਦਾ ਸਸਤਾ ਏ,
ਦੱਸ ਰੂਹ ਦਾ ਮੁੱਲ ਕਿੰਝ ਪਾਈਦਾ?.....

# ਮਹਿੰਦੀ ਦਾ ਰੰਗ

ਮੇਰੇ ਖਿਆਲਾਂ ਵਿਚ
ਮੇਰੇ ਹੱਥਾਂ ਦੀਆਂ
ਕੂਲੀਆਂ ਤਲੀਆਂ ਉੱਤੇ
...ਤੇਰੇ ਨਾਮ ਦੀ ਮਹਿੰਦੀ ਦਾ ਰੰਗ
ਅੱਜ ਵੀ ਬਹੁਤ ਚੜ੍ਹਦਾ ਏ
ਤੇ ਕਈ ਵੇਰਾਂ
ਮੈਂ ਵੀ ਝੱਲੀਆਂ ਵਾਂਗ.....
ਆਪਣੀਆਂ ਹੀ ਤਲੀਆਂ ਨੂੰ ਚੁੰਮ
ਹੋਰ ਗੂੜ੍ਹ ਕਰ ਲੈਂਦੀ ਹਾਂ..
ਫੇਰ ਓਸ ਮਹਿੰਦੀ ਦਾ ਰੰਗ
ਮੇਰੇ ਲੂੰ-ਲੂੰ ਨੂੰ
ਰੰਗ ਜਾਂਦਾ ਏ.....
...ਅਤੇ ਮੈਂ
ਕੁਝ ਪਲ ਲਈ
ਪਹਿਲੇ ਪਿਆਰ ਦੇ ਸ਼ੁਦਾ ਵਾਂਗ
ਕਮਲੀ ਹੋ ਨੱਚ ਉੱਠਦੀ ਹਾਂ.......
ਪਰ ਇਹ ਰੰਗਤ
ਬਹੁਤਾ ਚਿਰ ਨਹੀਂ ਟਿਕਦੀ
ਛੇਤੀ ਹੀ
ਮੇਰੀਆਂ ਗਰੀਬ ਸਧਰਾਂ ਵਾਂਗ
ਓਸ ਮਹਿੰਦੀ ਦਾ ਰੰਗ ਵੀ
ਕੱਚਾ ਜਿਹਾ ਪੈ ਜਾਂਦਾ ਹੈ
ਤੇ ਮੈਂ ਵੀ
ਛਿੱਥੀ ਜਿਹੀ ਹੁੰਦੀ

ਆਪਣੀ ਪਾਟੀ ਚੁੰਨੀ ਨੂੰ
ਖ਼ਰਦੜੇ ਹੱਥਾਂ ਨਾਲ ਸਵਾਰਦੀ ਹੋਈ
ਹਕੀਕਤ ਦੀ ਦਿਹਾੜੀ ਲਾਉਣ
ਟੁਰ ਪੈਂਦੀ ਹਾਂ
...ਪਰ ਅੱਖਾਂ 'ਚ
ਰੋਜ ਇੱਕ ਆਸ ਰੜਕਦੀ ਏ
..ਮਤੇ ਮੇਰੀਆਂ
ਸੁੰਨੀਆਂ ਤਲੀਆਂ ਦੀ ਮਹਿੰਦੀ ਦਾ
ਮੁੱਲ ਤਾਰਨ ਲਈ
ਰਾਹ ਵਿਚ ਮਿੱਟੀ ਨਾਲ ਮਿੱਟੀ ਹੁੰਦਾ,
ਤੂੰ ਵੀ ਕਿਤੇ ਮਿਲ ਪਵੇਂ
...ਪਰ ਤੇਰੇ ਤੋਂ ਪਹਿਲਾਂ
ਤੇਰੀ ਸ਼ਰਾਬ ਦੀ ਹਵਾੜ ਮਿਲ ਪੈਂਦੀ ਏ
ਫੇਰ ਓਹੀ
ਆਸਾਂ ਦਾ ਕਾਫਲਾ
ਖਬਰੇ ਕਿਹੜੇ ਵੇਲੇ
ਤਪਦਾ ਹੋਇਆ ਕੌੜਾ ਪਾਣੀ ਬਣ
ਮੇਰੀਆਂ ਖੁਸ਼ਕ ਗੱਲਾਂ ਨੂੰ ਸਾੜਦਾ....
ਮੇਰੇ ਬੁੱਲਾਂ ਤੇ ਆਣ ਕੇ
ਜੰਮ ਜਾਂਦਾ ਏ......
....ਐਪਰ, ਮੇਰੇ ਖਿਆਲਾਂ ਵਿੱਚ

# ਹਾਵੇ

ਚੀਕਾਂ ਨੀ ਸਖੀਏ ਚੀਕਾਂ
ਹਿਕੜੀ ਰਿੱਝੀਆਂ
ਸੰਘੀ ਫਸੀਆਂ
ਮੱਥੇ ਦੀਆਂ ਬਣੀਆਂ ਲੀਕਾਂ......
ਬੇੜੀ ਨੀ ਸਖੀਏ ਬੇੜੀ
ਬਾਬਲ ਦੀ ਪਗੜੀ
ਵੀਰਾਂ ਦੀ ਰੱਖੜੀ
ਇੱਕ ਪੱਲੇ ਬੰਨ ਸਹੇੜੀ..........
ਲਾਰਾ ਨੀ ਸਖੀਏ ਲਾਰਾ
ਸਮਝਾਂ ਕੱਚੀਆਂ
ਮੁਹੱਬਤਾਂ ਸੱਚੀਆਂ
ਬਣ ਰੜਕੇ ਹੰਝੂ ਖਾਰਾ.....
ਹਾਵੇ ਨੀ ਸਖੀਏ ਹਾਵੇ
ਕੂੰਝ ਤਤੜੀ
ਡਾਰੋਂ ਨਿਖੜੀ
ਕੌਣ ਜਿੰਦੜੀ ਆਣ ਬਚਾਵੇ......
ਰਾਈ ਨੀ ਸਖੀਏ ਰਾਈ
ਪਤਝੜ ਆਵੇ
ਗਲ ਨਾਲ ਲਾਵੇ
ਬਹਾਰ ਦਾ ਕੰਮ ਨਾ ਕਾਈ......
ਹੋਕਾ ਨੀ ਸਖੀਏ ਹੋਕਾ
ਗਲੀਏ ਗਲੀਏ
ਸ਼ਹਿਰ ਗਰਾਈਂ
ਪਾਕ ਮੁਹੱਬਤਾਂ ਦਾ ਸੋਕਾ........

ਹਾੜੇ ਨੀ ਸਖੀਏ ਹਾੜੇ
ਮਾਹੀਏ ਮੂਹਰੇ
ਦਿਲ ਵੀ ਝੂਰੇ
ਰੀਝਾਂ ਹੱਥੀਂ ਸਾੜੇ.......

ਪੀੜਾਂ ਨੀ ਸਖੀਏ ਪੀੜਾਂ
ਬਣ ਹਨੇਰੀ
ਝੁੱਲੀਆਂ ਅੜੀਏ
ਕਿੰਝ ਦਿਲ ਦੇ ਬੂਹੇ ਭੇੜਾਂ.......

ਰਾਂਝਾ ਨੀ ਸਖੀਏ ਰਾਂਝਾ
'ਪਿਆਰ' ਕਮਾਇਆ
ਦਿਲ ਪਰਚਾਇਆ
ਕਈ ਹੀਰਾਂ ਦਾ ਸਾਂਝਾ.........

ਲੀੜੇ ਨੀ ਸਖੀਏ ਲੀੜੇ
ਸੱਧਰਾਂ ਬਾਕੀ
ਹੋਈਆਂ ਆਕੀ
ਦਿਲ ਰੀਤਾਂ ਨਾਲ ਨਪੀੜੇ.....

# ਫੁੱਲ ਲਿਆਵੀਂ ਕਿੱਕਰਾਂ ਦੇ

ਨਾ ਮੰਗਾਂ ਮੈਂ ਫੁੱਲ ਗੁਲਾਬੀ
ਨਾ ਮੰਗਾਂ ਮਹਿਲਾਂ ਦੀ ਚਾਬੀ
ਆ ਅੜਿਆ ਬਹਿ ਗੱਲਾਂ ਕਰੀਏ
.........ਛੱਡ ਕੇ ਸੌਂਦੇ ਫਿਕਰਾਂ ਦੇ
ਮੈਂ ਵਾਲਾਂ ਵਿਚ ਗੁੰਦਣੇ ਮਾਹੀਆ
ਤੂੰ ਫੁੱਲ ਲਿਆਵੀਂ ਕਿੱਕਰਾਂ ਦੇ......
ਤੁੱਕਿਆਂ ਦੀਆਂ ਮੈਂ ਵੰਗਾਂ ਬਣਾ ਲਉਂ
ਜਾਂ ਪੈਰਾਂ ਵਿਚ ਬੰਨ ਛਣਕਾ ਲਉਂ
...ਸਾਂਝੀ ਮੇਰੇ ਕੋਲ 'ਚਾ ਆਇਆ
ਪੱਤਿਆਂ ਦਾ ਰਾਣੀਹਾਰ ਲਿਆਇਆ
ਦਿਲ ਦੀਆਂ ਗੱਲਾਂ ਕਰਸਾਂ ਮਾਹੀਆ
ਭਉ ਕੱਢ ਜੱਗ ਦੀਆਂ ਟਿੱਚਰਾਂ ਦੇ........
ਮੈਂ ਵਾਲਾਂ ਵਿਚ ਗੁੰਦਣੇ ਮਾਹੀਆ
ਤੂੰ ਫੁੱਲ ਲਿਆਵੀਂ ਕਿੱਕਰਾਂ ਦੇ......

# ਸੋਚਾਂ ਦੀ ਤੰਦ

ਹਾਏ ਕਮਲੀ ਕਿਉਂ ਸੁੱਤਾ ਦਰਦ ਜਗਾ ਬੈਠੀ
ਕਾਹਨੂੰ ਉਹਦੀਆਂ ਸੋਚਾਂ ਦੀ ਤੰਦ ਪਾ ਬੈਠੀ
ਕੀਹਦੀ ਖਾਤਰ ਪੀੜਾਂ ਮੁੱਲ ਲੈ ਲਈਆਂ ਨੇ
ਪਿਆਰ ਹਨੇਰੀਆਂ ਵਿਹੜੇ ਝੁੱਲ-ਝੁੱਲ ਗਈਆਂ ਨੇ
ਕੌਣ ਕੁਦੇਸਣ ਚੰਦਰੇ ਨੂੰ ਭਰਮਾ ਬੈਠੀ
ਕਾਹਨੂੰ ਉਹਦੀਆਂ ਸੋਚਾਂ ਦੀ ਤੰਦ ਪਾ ਬੈਠੀ ....
ਕੀਹਦੇ ਹਿਜਰ ਦੀ ਅੱਗ ਵਿੱਚ ਹਰਦਮ ਤੁਰਦਾ ਏ
ਕੱਚੀ ਕੰਧ ਜਿਹਾ ਦਿਲ ਵੀ ਰਹਿੰਦਾ ਭੁਰਦਾ ਏ
ਕਿਹੜੀ ਬਣ ਕੇ ਮੀਰਾ ਉਸਨੂੰ ਚਾਹ ਬੈਠੀ
ਕਾਹਨੂੰ ਉਹਦੀਆਂ ਸੋਚਾਂ ਦੀ ਤੰਦ ਪਾ ਬੈਠੀ......
ਤੀਲਾ-ਤੀਲਾ ਖਿੰਡ ਗਏ ਸਾਰੇ ਕੌਲ-ਕਰਾਰ
ਪਿਆਰ ਭੁਲੇਖਾ ਪਾ ਕੇ ਕੀਤਾ ਦਿਲ ਤੇ ਵਾਰ
ਪੱਥਰਾਂ ਦੀ ਨਗਰੀ ਸੀ ਠੋਕਰ ਖਾ ਬੈਠੀ
ਕਾਹਨੂੰ ਉਹਦੀਆਂ ਸੋਚਾਂ ਦੀ ਤੰਦ ਪਾ ਬੈਠੀ......
ਰੀਝਾਂ ਦੇ ਕੱਖ ਬਣਦੇ ਵੇਖੇ ਅੱਖੀਆਂ ਨੇ
ਪੀੜਾਂ ਹਿੱਕੜੀ ਦਿਲ ਬਣਾਕੇ ਰੱਖੀਆਂ ਨੇ
ਰਾਖ ਦਿਲਾਂ ਦੀ ਰਾਹਵਾਂ ਵਿੱਚ ਖਿੰਡਾ ਬੈਠੀ
ਕਾਹਨੂੰ ਉਹਦੀਆਂ ਸੋਚਾਂ ਦੀ ਤੰਦ ਪਾ ਬੈਠੀ......

# ਰੁੱਖ ਉੱਤੇ ਆਹਲਣਾ

## (ਮੇਰੀ ਸੀਰਤ ਲਈ)

ਰੁੱਖ ਉਤੇ ਆਲਣਾ ਪਵਾ ਦੇ ਮਾਏ ਮੇਰੀਏ
ਫੁੱਲਾਂ ਵਿਚ ਵਸਣੇ ਦਾ ਚਾਅ.........
ਮਹਿਕ ਤੇਰੇ ਵੇਹੜੇ 'ਚ ਲਿਆਵਾਂ ਮੇਰੇ ਬਾਬਲਾ
ਕਰ ਖੁਸ਼ਬੋਆਂ ਨਾਲ ਭਾਅ..........
ਗੁੱਡੀਆਂ ਪਟੋਲੇ ਅਜੇ ਤਾਈਂ ਚੰਗੇ ਲਗਦੇ
ਦੇਵੀਂ ਮੈਨੂੰ ਮੇਲੇ ਤੋਂ ਲਿਆ
ਚੂੜੀਆਂ ਚੜਾਵਾਂ ਨਾਲੇ ਗਾਨੀ ਗਲ ਪਾਵਾਂ
ਲਵਾਂ ਮੇਰੀ ਗੁੱਡੀ ਨੂ ਸਜਾ..........
ਅਖਰਾਂ ਦੇ ਨਾਲ ਮਾਏ ਕਰ ਲਈ ਦੋਸਤੀ
ਪੜਨੇ ਦਾ ਰਹਿੰਦਾ ਸਦਾ ਚਾਅ.......
ਵਰਕੇ ਵੀ ਲਿਖ-ਲਿਖ ਭਰ ਲਏ ਬਾਬਲਾ
ਬੈਠੀ ਸ਼ਬਦਾਂ ਦੇ ਮਹਿਲ ਬਣਾ..........
ਡਾਰ ਕਾਵਾਂ ਵਾਲੀ ਮੇਰੀ ਕਲਮ ਨਾ ਖੋਹ ਲਵੇ
ਦੇਵੀਂ ਵੀਰਾ ਕਾਵਾਂ ਨੂੰ ਉੜਾ
ਸਮਾਂ ਵਾਲੀ ਡਾਂਗ ਇੱਕ ਮੈਨੂੰ ਵੀ ਲਿਆਦੇ
ਵਿਹੜੇ ਵਿੱਚ ਦੇਵਾਂ ਖੜਕਾ..........

# ਸੱਜਣਾ ਦੇ ਦੇਸ ਵੀ ਜਾ

ਸੁਣ ਗੱਲ ਨੀ ਹਵਾਏ ਪਰਦੇਸਣੇ
ਕਦੇ ਸੱਜਣਾ ਦੇ ਦੇਸ ਵੀ ਜਾਹ
ਲੈਜੀਂ ਖ਼ੁਸ਼ਬੋਈ ਯਾਦਾਂ ਵਾਲੀ ਨੀਂ
ਦੇਵੀਂ ਘੁੱਟ ਘੁੱਟ ਮਾਹੀ ਨੂੰ ਪਿਆ ......
ਸੁਣ ਗੱਲ ਕੱਚੀਏ ਪਗਡੰਡੀਏ
ਕਦੇ ਸੱਜਣਾ ਦੇ ਦੇਸ ਵੀ ਜਾਹ
ਲੈਜੀਂ ਮਿੱਟੀ ਪ੍ਰੀਤ ਵਿੱਚ ਰੰਗੀ ਨੀ
ਦੇਵੀਂ ਸੱਜਣਾ ਦੇ ਹੱਥਾਂ ਨੂੰ ਛੂਹਾ.......
ਸੁਣ ਗੱਲ ਪਤਝੜ ਦਿਆ ਪੱਤਿਆ
ਕਦੇ ਸੱਜਣਾ ਦੇ ਦੇਸ ਵੀ ਜਾਹ
ਹੋਣੀ ਤੇਰੀ ਹੀ ਸਲੇਟ ਵਾਲੀ ਘਾਟ ਵੇ
ਤਾਹੀਂ ਖ਼ਤ ਵੀ ਨਾ ਕੋਈ ਘੱਲਿਆ.......
ਕਾਵਾਂ ਉੱਡ ਘਰ ਦੇ ਬਨੇਰੇ ਤੋਂ
ਕਦੇ ਸੱਜਣਾ ਦੇ ਦੇਸ ਵੀ ਜਾਹ
ਲੰਘੀ ਸੱਜਣਾ ਦੇ ਘਰ ਦੀ ਮੁੰਡੇਰ ਤੋਂ
ਦੇਵੀਂ ਔਸੀਆਂ ਦੀ ਬਾਤ ਸੁਣਾ .........

# ਇੱਕ ਸੀ ਧਰਤੀ ਦੀ ਬੇਟੀ

ਇੱਕ ਸੀ ਧਰਤੀ ਦੀ ਬੇਟੀ, ਸਾਲੂ ਦੇ ਵਿਚ ਲਪੇਟੀ
ਪੈ ਗਈ ਸਲਵਾਨ ਦੀ ਨਜਰੇ, ਗਈ ਪੀੜਾਂ ਵਿਚ ਵਲੇਟੀ
ਇੱਕ ਸੀ ਪੀੜਾਂ ਦੀ ਜਾਈ, ਪੀੜਾਂ ਨੇ ਰੱਜ ਹੰਢਾਈ
ਪੀੜਾਂ ਓਹਦੇ ਪੋਟੇ-ਪੋਟੇ, ......ਪੀੜਾਂ ਦੀ ਲਵੇ ਬਲਾਈਂ
ਸਭ ਰਿਸ਼ਤੇ ਲੋੜਾਂ ਵਾਲੇ, ਪਿਆਰ ਦੀਆਂ ਥੋੜਾਂ ਵਾਲੇ
ਘਰ ਵੀ ਨੇ ਹਰ ਥਾਂ ਵਿਕਦੇ, ਕੰਧਾਂ ਵਿਚ ਖੋੜਾਂ ਵਾਲੇ
ਤੇਰਾ ਨਾ ਕੋਈ ਦਰਦੀ, ਜਿੰਦੜੀ ਹੈ ਹਾਉਕੇ ਭਰਦੀ
ਤੁਰ ਗਏ ਨੇ ਊਠਾਂ ਵਾਲੇ, ਰੇਤੇ ਤੇ ਪੈੜ ਨਾ ਲੱਭਦੀ
ਇੱਕ ਨੇ ਸੀ ਹੰਝੂ ਪੂੰਝੇ,......ਇੱਕ ਨੇ ਆ ਹਾਸੇ ਹੂੰਝੇ
ਇੱਕ ਤੇਰੇ ਦਰ ਤੇ ਰੁਲ ਗਈ, ਇੱਕ ਓਸੇ ਦਰ ਨੂੰ ਭੁੱਲ ਗਈ
ਇੱਕ ਹੰਝੂ ਭਟਕ ਰਿਹਾ ਏ, ਪਲਕਾਂ ਵਿਚ ਲਟਕ ਰਿਹਾ ਏ
ਇੱਕ ਨੇ ਆ ਹੰਝੂ ਬੋਚੇ, ਇੱਕ ਰੀਝਾਂ ਝਟਕ ਰਿਹਾ ਏ
ਨਾ ਸੀ ਕੋਈ ਪ੍ਰੀਤ ਕਹਾਣੀ, ਨਾ ਸੀ ਕੋਈ ਰਾਜਾ ਰਾਣੀ
ਉਹ ਪੀੜਾਂ ਸੰਗ ਪ੍ਰਨਾਈ, ਹੰਝੂਆਂ ਨੇ ਰੱਜ ਕੇ ਮਾਣੀ......

# ਇੱਕ ਦੀਵਾ ਤੂੰ ਬਾਲ ਵੇ ਪੀਰਾ

ਇੱਕ ਦੀਵਾ ਤੂੰ ਬਾਲ ਵੇ ਪੀਰਾ, ਵਿੱਛੜ ਗਏ ਸਾਡੇ ਸੱਜਣਾ ਲਈ
ਮੰਗਣ ਦੁਆਵੀਂ ਕਿਧਰ ਜਾਵਾਂ, ਦਰ-ਦਰ ਤੇ ਅਸਾਂ ਤੱਕਣਾ ਨਹੀਂ.....
ਪੀਰਾ ਵੇ ਤੈਨੂੰ ਜਦ ਵੀ ਵੇਖਾਂ, ਸੱਜਣ ਦੀ ਰੂਹ ਦਿਸਦੀ ਏ
ਪੀੜ ਜਫ਼ਾ ਦੀ ਲਾਵਾ ਬਣਕੇ, ਫਿਰ ਅੱਖੀਆਂ ਵਿਚੋਂ ਰਿਸਦੀ ਏ......
ਪਾਕ ਮੁਹੱਬਤ ਨਾਮ ਦੀ ਹੁੰਦੀ, ਪਿੰਡੇ ਦੀਆਂ ਸਭ ਖੇਡਾਂ ਨੇ
ਜੋ ਸੌਹਾਂ ਖਾਧੀਆਂ ਦਿਲ ਦੇ ਜਾਨੀ,.....ਰੱਬ ਦੇ ਨਾਮ ਨੂੰ ਝੇਡਾਂ ਨੇ........
ਰੰਗ ਕਿਸੇ ਹੁਣ ਕੀਕਣ ਰੰਗੇ, ਚੁੰਨੀ ਚਾਨਣ ਨਾਲ ਰੰਗਾਈ ਏ
ਚੰਨ-ਤਾਰੇ ਇਹਦੀ ਬੁੱਕਲ ਲੁਕਦੇ, ਸੂਰਜ ਸੰਗ ਖੇਡ ਰਚਾਈ ਏ........

# ਜਿੰਦੜੀ ਦਾ ਚਰਖਾ

ਜਿੰਦੜੀ ਦਾ ਚਰਖਾ ਕਦ ਤੱਕ ਕੱਤਣਾ
ਵੇ ਮੈਂ ਕੱਤ -ਕੱਤ ਮਾਹੀਆ ਹਾਰੀ
ਪ੍ਰੀਤ ਗਲੋਟਾ ਕੋਈ ਨਾ ਲੱਥਿਆ
ਵੇ ਮੈਂ ਕੱਤਦੀ ਸਾਰੀ ਦਿਹਾੜੀ......
ਦੀਦ ਤੇਰੀ ਨੂੰ ਅੱਖੀਆਂ ਤਰਸਣ
ਹੰਝੂਆਂ ਦੇ ਨਾਲ ਭਾਰੀ
ਪਵੇ ਭੁਲੇਖਾ ਬੁੱਤ ਤੇਰੇ ਦਾ
ਵੇ ਮੈਂ ਜਾਂਦੀ ਵਾਰੀ ਵਾਰੀ......
ਬੁਤਪ੍ਰਸਤੀ ਰਾਸ ਨਾ ਸਾਨੂੰ
ਤਾਹੀਉਂ ਬੜੀ ਖ਼ੁਆਰੀ
ਪ੍ਰੀਤ ਮੇਰੀ ਦਾ ਸਾਲੂ ਪਾਟਾ
ਨੱਚ ਕੰਡਿਆਂ ਵਿਚਕਾਰੀ......
ਭਰਮ ਤੱਤੜੀ ਦਾ ਪਲ ਵਿੱਚ ਟੁੱਟਾ
ਆਸ ਨਾ ਟੁੱਟੀ ਸਾਰੀ
ਲੇਖ ਮੇਰੇ ਨੇ ਈਕਣ ਉਲਝੇ
ਜਿਉਂ ਤੰਦ ਚਰਖੇ ਵਾਲੀ .......
ਵੇ ਸੱਜਣਾ ਇਹ ਰੂਹ ਦੇ ਸੌਦੇ
ਤੂੰ ਹੋਰ ਈ ਵਣਜ-ਵਪਾਰੀ
ਕੀਤਾ ਸੌਦਾ, ਪੁੱਛੀ ਨਾ ਕੀਮਤ
ਜਨਮਾਂ ਤੀਕ ਉਤਾਰੀ.......
ਇਹ ਚਰਖਾ ਮੇਰੀ ਜਿੰਦ ਦਾ ਚਰਖਾ
ਟੁੱਟੇ ਤਕਲਾ, ਛੁੱਟੇ ਵਿਚਾਰੀ
ਕਦ ਤਕ ਕਤਸਾਂ ਜਿੰਦ ਦਾ ਚਰਖਾ
ਵੇ ਮੈਂ ਕੱਤ-ਕੱਤ ਸੱਜਣਾ ਹਾਰੀ.........

# ਯਾਦਾਂ ਦੀ ਪੈੜ

ਜਿਉਂ ਇੱਕ-ਇੱਕ ਕਰਕੇ, ਖ਼ਤ ਹਰੇਕ ਸੜਦਾ ਰਿਹਾ
ਇਉਂ ਤਿਲ-ਤਿਲ ਕਰਕੇ ਅੰਦਰੋਂ ਮੇਰੇ ਕੁਝ, ਮਰਦਾ ਰਿਹਾ
ਧਾਗਾ-ਧਾਗਾ ਹੋ ਕੇ, ਜਿੰਦ ਉਧੜਦੀ ਗਈ
ਪੱਥਰ ਨੈਣਾਂ 'ਚੋਂ ਯਾਦਾਂ ਦਾ ਖਰਦਾ ਰਿਹਾ......
ਜਾਣ ਵੇਲੇ ਨਾ ਵੇਖਿਆ, ਮੁੜ ਪਿਛਾਂਹ ਇੱਕ ਵਾਰ
ਯਾਦਾਂ ਦੀ ਪੈੜ ਮਿਟ ਗਈ, ਸਮੇਂ ਦੀ ਚਾਲ ਨਾਲ
ਮਿਲੇ ਜੋ ਜ਼ਿੰਦਗੀ ਦੀ, ਤਿੱਖੜੀ ਦੁਪਹਿਰ ਵਿੱਚ
ਸਾਹਮਣੇ ਖੜੇ ਰਹੇ ਪਰ, ਖਿੱਚਿਆ ਵਿੱਚ ਪਰਦਾ ਰਿਹਾ......
ਇੱਕ ਪੀੜਾਂ ਦਾ ਵਿੰਨਿਆ, ਇੱਕ ਪੀੜਾਂ ਦੀ ਜਾਈ
ਕੀ ਬੋਲਦੇ ਦਿਲ ਫੋਲਦੇ, ਇਹ ਸਮਝ ਹੀ ਨਾ ਆਈ
ਟੁਰ ਪਏ ਫ਼ਿਰ ਮੂੰਹ ਭੁਆ, ਹੰਭਿਆਂ ਕਦਮਾਂ ਦੇ ਨਾਲ
ਅੱਗੋਂ ਵੀ ਸਰ ਜਾਣੈ ਸੱਜਣਾ, ਜਿਉਂ ਪਹਿਲਾਂ ਸਰਦਾ ਰਿਹਾ.......

# ਕੁਝ ਸ਼ਬਦ, ਕੁਝ ਖਿਆਲ

ਸ਼ਬਦ ਮੇਰਾ ਰੱਬ, ਸ਼ਬਦ ਜਿੰਦ-ਜਾਨ
ਸ਼ਬਦਾਂ ਦੇ ਨਾਲ, ਰੂਹ ਦੀ ਪਹਿਚਾਣ
ਸ਼ਬਦ ਮੇਰਾ ਮੁਰਸ਼ਦ, ਹੈ ਸ਼ਬਦ ਕਰਤਾਰ
ਸ਼ਬਦ ਦਿਲੋਂ ਈਰਖਾ, 'ਤੇ ਹਉਮੈ ਮੁਕਾਣ
ਸ਼ਬਦ ਮੇਰੀ ਪੂਜਾ, ਸ਼ਬਦ ਨੇ ਦੁਆ
ਸ਼ਬਦਾਂ ਦੇ ਉੱਤੇ, ਇਹ ਜਿੰਦੜੀ ਕੁਰਬਾਨ
ਸ਼ਬਦ ਫੁੱਲ-ਪੱਤੇ, ਸ਼ਬਦ ਤਿਤਲੀ ਰੂਪ
ਸ਼ਬਦ ਮੈਨੂੰ ਮੇਰੇ ਹੀ ਰੂਬਰੂ ਕਰਾਣ
ਸ਼ਬਦ ਰੂਪ-ਰੰਗ, ਸ਼ਬਦ ਨੇ ਸ਼ਿੰਗਾਰ
ਸ਼ਬਦਾਂ ਨਾਲ, ਹੋਈ ਨਿਮਾਣੀ ਪਰਵਾਣ
ਖੂਹੇ ਦਾ ਠੰਡਾ ਪਾਣੀ, ਸ਼ਬਦ ਵਗਦੀ ਪੌਣ
ਸ਼ਬਦ ਧਰਤੀ-ਅੰਬਰ ਦਾ ਮੇਲ ਕਰਾਉਣ
ਸ਼ਬਦ ਰਾਗ-ਰੰਗ, ਸ਼ਬਦ ਜੋਤ-ਰੂਪ
ਸ਼ਬਦ ਨੱਚ ਪੈਂਦੇ, ਸੁਣ ਵੰਝਲੀ ਦੀ ਤਾਨ
ਸ਼ਬਦ ਹੀ ਸਮਾਧੀ, ਤੇ ਸ਼ਬਦ ਹੀ ਨੇ ਯੋਗ
ਸ਼ਬਦ ਹੋਣ ਗੁੱਸੇ, ਤਾਂਡਵ ਮਚਾਉਣ
ਸ਼ਬਦ ਇਸ਼ਕ ਮੀਰਾਂ, ਸ਼ਬਦ ਦੇਸ਼-ਪਿਆਰ
ਕੁਝ ਤੇਰੀ-ਮੇਰੀ ਚੁੱਪ ਦੀ, ਬਣਦੇ ਜ਼ੁਬਾਨ
ਸ਼ਬਦ ਭਾਵੇਂ ਕਿਰਤੀ ਦੀ ਰੋਟੀ ਨਹੀਂ ਬਣਦੇ
ਪਰ ਹੱਥੀਂ ਪਏ ਛਾਲੇ, ਜੱਗ ਨੂੰ ਵਿਖਾਣ
ਸ਼ਬਦ ਔਰਤ ਰੂਪ, ਸ਼ਬਦ ਮਹਿਬੂਬਾ
ਸ਼ਬਦ ਮਾਂ ਵਾਂਗਰਾਂ, ਲਾਡ ਵੀ ਲਡਾਉਣ
ਸ਼ਬਦ ਪੈਰੀਂ ਘੁੰਗਰੂ, ਸ਼ਬਦ ਨੇ ਅਦਾ
ਇਹ ਕੰਜਰੀ ਦਾ ਰੁਦਨ, ਨੱਚ ਕੇ ਵਿਖਾਣ

ਸ਼ਬਦ ਲੱਖਾਂ ਧੀਆਂ ਦੇ, ਜੀਵਨ ਦਾ ਰੰਗ
ਜੋ ਜੰਮਣ ਤੋਂ ਪਹਿਲਾਂ, ਕੁੱਖੀਂ ਮਰ ਜਾਣ
ਸ਼ਬਦ ਹੀ ਪਹੇਲੀ, ਸ਼ਬਦ ਮੇਰੀ ਬਾਤ
ਸ਼ਬਦਾਂ ਦੀ ਗਾਥਾ, ਸ਼ਬਦ ਹੀ ਸੁਨਾਣ

# ਅਣਕਿਹਾ

ਬੜਾ ਕੁਝ ਅਣਕਿਹਾ, ਰਹਿ ਜਾਣੈ
ਇਹਨਾ ਹਨੇਰੇ ਦਿਲਾਂ ਦੇ ਅੰਦਰ....
ਸ਼ਿਕਵਾ ਉਸ ਕੌਲ ਦਾ
ਜੋ ਤੂੰ ਪੁਗਾ ਨਾ ਸਕਿਆ .....
ਗਿਲਾ ਉਸ ਉਡੀਕ ਦਾ
ਜੋ ਮੈਂ ਕਰ ਨਾ ਸਕੀ....
ਹੋਰ ਵੀ ਬਹੁਤ ਕੁਝ ਹੈ, ਇਹਨਾ ਖੰਡਰਾਂ ਵਿੱਚ
ਸ਼ਾਇਦ ਇੱਕ ਭੁਲੇਖਾ ਵੀ ਹੈ
ਤੁਰਨ ਵੇਲੇ ਤੇਰਾ ਪਿੱਛੇ ਮੁੜ ਵੇਖਣ ਦਾ.....
ਤੇਰੀ ਵਫ਼ਾ ਦਾ ਭੁਲੇਖਾ, ਹਾਂ ਭੁਲੇਖਾ !!....
ਉਹ ਵੀ ਰੜਕਦਾ ਹੈ
ਕਿੰਕਰ ਵਾਂਗ ਦਿਲ ਵਿੱਚ ਕਦੇ-ਕਦੇ

ਚੁੱਪ-ਚਾਪ ......
.....ਬੜਾ ਕੁਝ ਮਰ ਜਾਣੈ
ਇਹਨਾਂ ਹਨੇਰੇ ਦਿਲਾਂ ਅੰਦਰ.........
ਅੱਖਰ ਵੀ ਸਿਸਕਦੇ ਨੇ....
ਥੋੜੇ ਚਾਨਣ ਦੇ ਲਾਲਚ ਵਿੱਚ....
ਅੱਗ ਜੋ ਲਾ ਬੈਠਦੀ ਹਾਂ ਇਹਨਾਂ ਨੂੰ .....
ਇਹ ਵੀ ਕੀ ਕਰਨ.....
ਅੱਗ ਬਲਦੀ ਹੈ ਨਾ ਬੁੱਝਦੀ .....
ਦਿਲ ਦੀ ਜਮੀਨ ਜੁ ਹੈ ਸਲਾਭੀ ......

ਹੰਝੂ ਤੇਰੇ ਸਨ ਜਾਂ ਮੇਰੇ
....ਜਾਂ ਸ਼ਾਇਦ ਕਿਸੇ ਹੋਰ ਦੇ !
ਇੱਕ ਤੜਪਣ ਹੈ ਬਸ.....
ਬੜਾ ਕੁਝ ਤੜਪਦਾ ਰਹਿ ਜਾਣੈ
ਇਹਨਾ ਹਨੇਰੇ ਦਿਲਾਂ ਅੰਦਰ .....

# ਉੱਚੀ ਉੜਾਨ

ਯੁਗਾਂ ਤੋਂ ਸੁਣਦੀ ਆਈ ਹਾਂ.....
ਕੁੜੀਆਂ ਤਾਂ ਚਿੜੀਆਂ ਨੇ
ਪਰ,
ਪਰ ਨਹੀਂ ਹੁੰਦੇ ਇਹਨਾ ਕੋਲ
ਮੈਂ ਅੱਖਾਂ 'ਚ ਆਸ ਲੈ
ਮਾਂ ਵੱਲ ਵੇਖਦੀ ਆਂ
ਤੇ ਮਾਂ ਅਸਮਾਨ ਵੱਲ ਵੇਖ ਬੋਲਦੀ ਹੈ
ਪਰ ਤਾਂ ਹੈਣ ਮੇਰੇ ਕੋਲ
ਬਸ ਉੱਡਣ ਦੀ ਜਾਚ ਨਹੀਂ
ਨਾ ਮੇਰੀ ਮਾਂ ਨੇ ਸਿੱਖੀ
ਤੇ ਨਾ ਸ਼ਾਇਦ ਮੇਰੀ ਮਾਂ ਦੀ ਮਾਂ ਨੇ
ਇਹਨਾ ਪਰਾਂ ਨਾਲ ਨਿੱਕੇ ਬੋਟਾਂ ਨੂੰ
ਨਿੱਘ ਦੇਣਾ ਸਿੱਖਿਆ
ਪਰ ਉੱਡਣਾ ?......
......ਫਿਰ ਇੱਕ ਝੁੰਝਲਾਹਟ......
ਲੋਹੜਾ ਨੀ ਧੀਏ !
ਤੈਨੂੰ ਅਸਮਾਨੀਂ ਗੁਆਚਣ ਤੋਂ ਡਰ ਨਹੀ ਆਉਂਦਾ ?
ਮੈਂ ਮਾਂ ਦੀਆਂ ਅੱਖਾਂ 'ਚ ਡਰ ਵੇਖ ਆਪਣੀਆਂ ਅੱਖਾਂ ਮੀਚ ਲੈਂਦੀ ਹਾਂ....
..........................................................................
ਸਮਾਂ ਖੰਬ ਲਾ ਉੱਡਦਾ ਗਿਆ.......
ਫੇਰ ਇੱਕ ਦਿਨ
ਮੇਰੀ ਕੁੱਖੋਂ ਜਾਈ ਧੀ ਬੋਲੀ
ਹਾੜਾ ਨੀ ਮਾਏ
ਉੱਡਣਾ ਸਿੱਖਣੈ !!

ਵੇਖ, ਔਹ ਵੇਖ !
ਦੂਜੇ ਪੰਛੀ ਕਿੰਝ
ਉਡਾਰੀਆਂ ਨੇ ਭਰਦੇ...
ਛੂੰਹਦੇ ਨੇ ਉਚਾਈਆਂ....
.....ਆਪਣੀ ਬਾਲੜੀ ਦਾ ਤਰਲਾ ਸੁਣ
ਤੇ ਅੱਖਾਂ ਦੀ ਚਮਕ ਵੇਖ......
ਪਰਾਂ ਨੂੰ ਫੜਫੜਾ....
ਮੈਂ ਵੀ ਉੱਠਦੀ ਆਂ
ਇੱਕ ਕੁੱਕੜ ਉਡਾਰੀ ਮਾਰਨ ਦੀ ਕੋਸ਼ਿਸ਼ ਵਿੱਚ
ਡਿਗਦੀ-ਢਹਿੰਦੀ ਹਾਂ.....
ਦਿਲ ਵਿੱਚ ਫੈਸਲਾ....
ਇੱਕ ਗੱਲ ਤੈਅ ਹੈ....
ਮੇਰੀ ਧੀ ਉੱਚੀ ਉਡਾਣ
ਜ਼ਰੂਰ ਭਰੇਗੀ.....
ਸ਼ਾਇਦ ਓਸ ਲਈ....
ਉੱਡਣਾ ਮੈਨੂੰ ਵੀ ਸਿੱਖਣਾ ਪਵੇ....
ਐਪਰ
ਮੇਰੀ ਧੀ
ਅਸਮਾਨ ਦੀ ਬੁਲੰਦੀ ਜ਼ਰੂਰ ਛੂਹੇਗੀ......
ਜ਼ਰੂਰ ਛੂਹੇਗੀ......

# ਜਨਮਾਂ ਦੀ ਭਟਕਣ

ਨਵੀਂ ਸਦੀ, ਨਵਾਂ ਰੂਪ
ਹਰ ਸਦੀ ਵਾਂਗ
ਉਹ ਫੇਰ ਜੋਗੀ ਦੇ ਟਿੱਲੇ ਜਾਂਦੀ ਹੈ
ਮੋਕਸ਼ ਮੰਗਣ
ਜਾਰੀ ਹੈ ਜਨਮ-ਜਨਮ ਦੀ ਭਟਕਣ
ਸਦੀਆਂ ਤੋਂ ਜੋਗੀ ਚੁੱਪ ਹੈ,
ਹਵਾ 'ਚ ਤੈਰਦੀ ਚੁੱਪ
ਕਵਿਤਾ ਦੇ ਅਣਕਹੇ ਬੋਲ ਵਾਂਗਰਾਂ
ਨਾ ਹੱਥ ਆਵੇ
ਨਾ ਦੂਰ ਜਾਵੇ
ਜ਼ਰੂਰ ਉਹਦੇ ਖ਼ਿਆਲਾਂ ਦੀ ਭਟਕਣ
ਚੁੱਪ ਦੇ ਸੀਨੇ ਵੀ ਧੜਕਦੀ ਹੋਣੀ
ਸ਼ਬਦਾਂ ਦਾ ਤੀਰ
ਸ਼ਾਇਦ, ਇੱਕ ਦਿਨ ਹੋ ਜਾਵੇ
ਕਵਿਤਾ ਦੀ ਛਾਤੀ ਦੇ ਆਰ-ਪਾਰ
ਤੇ ਯੁਗਾਂ ਨੂੰ ਚੀਰਦੀ
ਕਵਿਤਾ ਦੀ ਚੀਖ਼
ਉਸ ਜੋਗੀ ਦੇ ਕੰਨੀਂ ਪਹੁੰਚ ਜਾਵੇ
ਤੇ ਟੁੱਟ ਜਾਵੇ ਚੁੱਪ ਅਤੇ ਭਟਕਣ ਦਾ ਸਿਲਸਿਲਾ
ਚੁੱਪ ਸਰਾਪ ਹੈ ਜਾਂ ਵਰਦਾਨ
ਇਹ ਤਾਂ ਜੋਗੀ ਹੀ ਜਾਣੇ
ਪਰ ਅਜੇ ਸਿਲਸਿਲਾ ਜਾਰੀ ਹੈ......

# ਪਤਾ ਨਹੀਂ

ਉਹੀ ਲੋਕ, ਉਹੀ ਆਪਣੇ
ਉਹੀ ਰਾਹ, ਉਹੀ ਤਸਵੀਰਾਂ
ਪਰ ਬੜਾ ਕੁਝ ਬਦਲ ਗਿਐ
....ਹੁਣ ਪੁਰਾਣੇ ਰਾਹ ਮੇਰੀ ਪੈੜ ਨਹੀਂ ਪਛਾਣਦੇ
ਸ਼ਾਇਦ ਮੇਰੇ ਪੈਰ ਹੀ ਪਥਰਾ ਗਏ ਨੇ......
ਤਸਵੀਰਾਂ ਵੀ ਹੁਣ ਘੱਟ ਹੀ ਬੋਲਦੀਆਂ ਨੇ
ਜਾਂ ਮੇਰੀ ਸੁਨਣ ਸ਼ਕਤੀ ਵਿੱਚ ਹੀ ਫ਼ਰਕ ਪੈ ਗਿਐ.......
ਯਾਰ-ਬੇਲੀ ਅਤੇ ਆਪਣੇ ਵੀ ਘੁੱਟ ਗਲ ਨਹੀਂ ਲਾਉਂਦੇ
ਜਾਂ ਮੇਰੀਆਂ ਬਾਹਵਾਂ ਹੀ ਹੁਣ ਕਮਜ਼ੋਰ ਨੇ.......
ਪੁਰਾਣੀਆਂ ਯਾਦਾਂ ਵੀ ਹੁਣ ਧੂਹ ਨਹੀਂ ਪਾਉਂਦੀਆਂ
ਸ਼ਾਇਦ ਮੇਰੇ ਅੰਦਰ ਹੀ ਕੁਝ ਮਰ ਗਿਐ......
ਫਿਰ ਵੀ ਇੱਕ ਭਟਕਣ ਬਾਕੀ ਹੈ
ਤੱਤੀਆਂ ਲੋਆਂ ਵਾਂਗ ਰੂਹ ਸਾੜਦੀ
ਜਦੋਂ ਇਹ ਭਟਕਣ ਵੀ ਮੁੱਕ ਗਈ
ਬਾਕੀ ਕੀ ਰਹੇਗਾ? ਪਤਾ ਨਹੀਂ.......
ਪਤਾ ਨਹੀਂ.......

# ਅਹਿਸਾਸ

ਕਾਸ਼ ਮੈਂ ਸਮੇਂ ਦੀ ਗਰਦ ਬਣ
ਕੁਝ ਤਸਵੀਰਾਂ ਦੇ ਸੀਨੇ ਲੱਗ ਰਹਿ ਸਕਦੀ,
ਜਾਂ,
ਬਣ ਕੇ ਰਾਹ ਦੀ ਧੂੜ
ਵਿਛ ਜਾਂਦੀ ਰਾਹ-ਖਹਿੜੇ
ਤੇ ਪੈਰਾਂ ਦੇ ਹਰ ਨਿਸ਼ਾਨ ਵਿੱਚੋਂ
ਇੱਕ ਪੈੜ ਪਛਾਣਦੀ

# ਯਾਦਾਂ ਦੀ ਵਲਗਣ

ਹੁਣ ਮੈਨੂੰ ਆਜ਼ਾਦ ਕਰ,
ਆਪਣੀਆਂ ਯਾਦਾਂ ਦੇ ਘੇਰੇ ਵਿੱਚੋਂ
ਉਹਨਾਂ ਯਾਦਾਂ ਦੇ ਵਾ-ਵਰੋਲੇ,
ਮੇਰੇ ਨਕਸ਼ ਬਦਲ ਦਿੰਦੇ ਨੇ,
ਅਤੇ ਉਸ ਵਾ-ਵਰੋਲੇ ਵਿੱਚੋਂ ਉੱਡਦੀ ਧੂੜ
ਮੇਰੇ ਸਾਰੇ ਐਬ ਕੱਜ ਲੈਂਦੀ ਹੈ,
ਫੇਰ ਮੈਂ ਬਣ ਕੇ ਰਹਿ ਜਾਂਦੀ ਹਾਂ,
ਤੇਰੇ ਖ਼ਿਆਲਾਂ ਵਿੱਚ ਢਲੀ
ਹਕੀਕਤ ਤੋਂ ਪਾਰ ਦੀ ਇੱਕ ਮੂਰਤ
ਉਸ ਮੂਰਤ ਦੇ ਸਾਂਚੇ ਵਿੱਚ ਢਲ
ਮੇਰਾ ਸਾਹ ਘੁੱਟਦਾ ਹੈ.......
ਹਾੜਾ ਏ ਮਹਿਰਮਾ! ਮੈਨੂੰ ਅਜ਼ਾਦ ਕਰ
ਆਪਣੀਆਂ ਯਾਦਾਂ ਦੀ ਵਲਗਣ ਵਿੱਚੋਂ..........
ਆਪਣੀਆਂ ਯਾਦਾਂ ਦੇ ਪਿੰਜਰੇ ਵਿੱਚੋਂ..........

# ਮੋਰ-ਖੰਬ

ਕਦੇ-ਕਦੇ ਦਿਲ ਕਰਦੈ
ਕਾਸ਼, ਮੈਂ ਮੋਰ ਖੰਬਾਂ ਵਾਂਗ ਖੂਬਸੂਰਤ ਹੋ ਜਾਵਾਂ
ਖਿੜੇ ਸ਼ੋਖ ਰੰਗਾਂ ਵਿੱਚ ਰੰਗੀ
ਸਾਉਣ ਦੇ ਮਹੀਨੇ ਤੋਂ ਕੁਝ ਬੂੰਦਾਂ ਲੈ
ਆਪਣੀ ਕਲਮ ਨਾਲ
ਧਰਤੀ ਦੇ ਪਿੰਡੇ ਉੱਤੇ
ਲਿਖਾਂ ਕੋਈ ਅਦੁੱਤੀ ਕਵਿਤਾ
ਜਿਸਨੂੰ ਪੜ
ਛਮ-ਛਮ ਵਰਦੇ ਮੀਂਹ ਵਿੱਚ
ਮੋਰ ਪੈਲਾਂ ਪਾਵੇ
....ਸ਼ਾਇਦ ਮੋਰ ਖੰਬਾਂ ਦਾ ਰੰਗ ਖੁਰ ਕੇ
ਮੇਰੀ ਕਲਮ ਅਤੇ ਮੇਰੀ ਮਿੱਟੀ ਨੂੰ ਵੀ ਚੜ ਜਾਵੇ
ਫਿਰ ਮੋਰ-ਖੰਬਾਂ ਦਾ ਰੰਗ,
ਬੱਦਲਾਂ ਵਿਚਲੀ ਬਹੁਰੰਗੀ ਲੀਕ ਵਿੱਚ ਵਹਿਆ ਵੇਖਦੀ ਹਾਂ
ਤਾਂ ਮੁੜ ਖ਼ਿਆਲ ਆਉਂਦੈ.....
ਕਾਸ਼ ਮੈਂ ਮੋਰ ਦੇ ਖੰਬ ਵਰਗੀ ਖੂਬਸੂਰਤ ਹੁੰਦੀ.......
ਖਿੜੇ ਸ਼ੋਖ ਰੰਗਾਂ ਵਿੱਚ ਰੰਗੀ .........

# ਪੰਡ ਮੇਰੇ ਸੁਪਨੇ ਦੀ

ਪੰਡ ਚੁੱਕੀ ਨਾ ਜਾਵੇ
ਨੀ ਪੰਡ ਮੇਰੇ ਸੁਪਨੇ ਦੀ.....
ਇੱਕ ਸੁਪਨੇ ਦੇ ਕਈ ਕਈ ਟੋਟੇ
ਹਰ ਟੋਟੇ ਕਈ ਜਨਮ ਸਮੇਟੇ
ਸਾਂਭ ਰੱਖੇ ਮੈਂ ਗੰਢਾਂ ਦੇਕੇ
......ਗੰਢ ਖੁੱਲੇ ਤੇ ਮੱਚੇ ਦੁਹਾਈ
ਨੀ ਪੰਡ ਮੇਰੇ ਸੁਪਨੇ ਦੀ
ਪੰਡ ਚੁੱਕੀ ਨਾ ਜਾਵੇ
ਨੀ ਪੰਡ ਮੇਰੇ ਸੁਪਨੇ ਦੀ......
ਸੁਪਨੇ ਦੇ ਹਰ ਟੋਟੇ ਲਿਖਿਆ
ਲੇਖਾ-ਜੋਖਾ ਮਨ ਕੁੰਦਰਾਂ ਦਾ
ਪਿਆਰ ਗਵਾਚਾ ਕਿਸੇ ਸੁੰਦਰਾਂ ਦਾ
.....ਹੁਣ ਵਾਜਾਂ ਮਾਰ ਬੁਲਾਵੇ
ਨੀ ਪੰਡ ਮੇਰੇ ਸੁਪਨੇ ਦੀ
ਪੰਡ ਚੁੱਕੀ ਨਾ ਜਾਵੇ
ਨੀ ਪੰਡ ਮੇਰੇ ਸੁਪਨੇ ਦੀ........

# ਤੈਨੂੰ ਲਿਖੇ ਖ਼ਤ

ਵਰਿਆਂ ਤੋਂ ਕਮਲੀ
ਜਾਣੇ-ਅਣਜਾਣੇ
ਤੈਨੂੰ ਲਿਖੇ ਖਤਾਂ ਦੇ ਨਾਲ
ਵਰਕੇ ਰੰਗੀ ਬੈਠੀ ਹੈ
ਉਹੀ ਰੰਗ-ਬਿਰੰਗੇ ਅੱਖਰ
ਦਿਨੇ-ਰਾਤੀਂ
ਸਫ਼ਿਆਂ ਉੱਤੇ ਮਹਿਫ਼ਲ ਸਜਾ ਬੈਠਦੇ ਨੇ
ਕੁਝ ਤੇਰੀ ਯਾਦ ਵਿੱਚ ਨੱਚਦੇ-ਗਾਉਂਦੇ ਨੇ
ਕੁਝ ਹੌਲੀ-ਹੌਲੀ ਕੰਨਾ ਵਿੱਚ
ਹਿਜ਼ਰ ਕਹਾਣੀ ਛੋਹਦੇਂ ਨੇ
ਕੁਝ ਤੇਰੀ ਬੇਵਫ਼ਾਈ ਦੇ
ਜ਼ਖਮਾਂ ਨੂੰ ਜਾ-ਜਾ ਟੋਹਦੇ ਨੇ
ਸੁਣਕੇ ਇਸ ਸ਼ੋਰ-ਸ਼ਰਾਬੇ ਨੂੰ
ਇਹ ਦੁਨਿਆ ਮੁੜ-ਮੁੜ ਵਿੰਹਦੀ ਹੈ
ਤਾਂ ਘੁੱਟ ਲਾ ਉਹਦੇ ਹੰਝੂਆਂ ਦਾ
ਬਣ ਲੀਕਾਂ ਸੱਤਾਂ ਰੰਗਾਂ ਦੀਆਂ
ਚੜ ਜਾ ਅਸਮਾਨੀ ਬਹਿੰਦੇ ਨੇ
ਜਾਂ ਲੈ ਕੇ ਰੰਗ ਉਹਦੇ ਕੱਜਲ ਦਾ
ਘੁੰਢ ਕੱਢਕੇ ਕਾਲੇ ਬੱਦਲ ਜਿਹਾ
ਨਾਲ ਘਟਾਵਾਂ ਖਹਿੰਦੇ ਨੇ
ਫਿਰ ਵੀ ਕਮਲੀ
ਤੈਨੂੰ ਲਿਖੇ ਖਤਾਂ ਨਾਲ
ਵਰਕੇ ਰੰਗੀ ਬੈਠੀ ਹੈ......

# ਆਵੀਂ ਮੇਰੇ ਵਿਹੜੇ

ਆਵੀਂ ਮੇਰੇ ਵਿਹੜੇ ਅੜਿਆ
ਲੈਕੇ ਇੱਕ ਬੂਟਾ ਅੱਕ ਦਾ
ਰੂਪ ਦੀ ਹੱਟੀ ਰਾਹੇ ਲੱਗੀ
ਰਹੇ ਜ਼ਮਾਨਾ ਤੱਕਦਾ
ਅਲ੍ਹੜ ਕੁੜੀ ਦੇ ਚਾਵਾਂ ਵਰਗਾ
ਖੁਦ ਤੋਂ ਹੀ ਸ਼ਰਮਾਂਦਾ
ਕੱਚੀ ਉਮਰ ਦੀਆਂ ਰੀਝਾਂ ਨੂੰ
ਬੁੱਲ ਪੱਤੀਆਂ ਮੀਚ ਲੁਕਾਂਦਾ
ਦੋ ਫੁੱਲ ਆਪਣੇ ਕੰਨੀ ਪਾਵਾਂ
ਇੱਕ ਕੋਕਾ ਬਣ ਜਾਏ ਨੱਕ ਦਾ
ਆਵੀਂ ਮੇਰੇ ਵਿਹੜੇ ਅੜਿਆ
ਤੂੰ ਲੈਕੇ ਬੂਟਾ ਅੱਕ ਦਾ ....
ਆਵੀਂ ਮੇਰੇ ਵਿਹੜੇ ਅੜਿਆ
ਲੈ ਬੂਟਾ ਮਹਿੰਦੀ ਵਾਲਾ
ਵਿਹੜੇ ਦਾ ਸ਼ਿੰਗਾਰ ਨਾ ਬਣਿਆ
ਇਹ ਬੂਟਾ ਸ਼ਗਨਾਂ ਵਾਲਾ
ਸ਼ੌਂਕ ਮੇਰੇ ਜੋ ਅਜੇ ਕੁਵਾਰੇ
ਮਹਿੰਦੀ ਸੰਗ ਪਰਨਾਵਾਂ
ਕੁਝ ਪੱਤੇ ਰਗੜਾਂ ਦਿਲ ਦੇ ਤਾਈਂ
ਫਿਰ ਅੱਗ ਤਲੀਆਂ ਨੂੰ ਲਾਵਾਂ
ਰੰਗ ਚੜਨੇ ਨੂੰ ਉਮਰਾ ਲਗਦੀ
ਕਿਤੇ ਪੈ ਨਾ ਜਾਵੀਂ ਕਾਹਲਾ
ਆਵੀਂ ਮੇਰੇ ਵਿਹੜੇ ਅੜਿਆ
ਲੈ ਬੂਟਾ ਮਹਿੰਦੀ ਵਾਲਾ ..

ਆਵੀਂ ਅੜਿਆ ਦਿਲ ਦੇ ਵੇਹੜੇ
ਕਿੱਕਰ ਰੁੱਖ ਲਿਆਵੀਂ
ਉੱਚਾ ਨੀਵਾਂ ਦਿਲ ਦਾ ਵਿਹੜਾ
ਠੋਕਰ ਨਾ ਖਾ ਜਾਵੀਂ
ਰੰਗ ਅਜੂਬਾ, ਕਿੱਕਰ ਫੁੱਲ ਦਾ
ਵਿੱਚ ਘੋਲ ਲਵਾਂ ਹੰਝ ਪਾਣੀ
ਸੂਲਾਂ ਨਾਲ ਫੱਟ ਮੈਂ ਸੀਣੇ
ਜੋ ਲੱਗੇ ਉਮਰ ਅੰਞਾਣੀ
ਸੂਲਾਂ ਨਾਲ ਜੋ ਤੱਤੜੀ ਖੇਡੇ
ਤੂੰ ਬੋਚ ਕੇ ਪੈਰ ਟਿਕਾਵੀਂ
ਆਵੀਂ ਅੜਿਆ ਦਿਲ ਦੇ ਵਿਹੜੇ
ਕਿੱਕਰ ਰੁਖ ਲਿਆਵੀਂ .....
ਆਵੀਂ ਮੇਰੇ ਵਿਹੜੇ ਅੜਿਆ
ਪਿੱਪਲ ਰੁੱਖ ਲਿਆਵੀਂ
ਬੈਠਾਂਗੇ ਪਿੱਪਲ ਦੀ ਛਾਵੇਂ
ਤੂੰ ਰੂਹ ਦਾ ਗੀਤ ਸੁਨਾਵੀਂ
ਮੈਂ ਹੂੰਝਾਂਗੀ ਦਿਲ ਦੇ ਪੱਤੇ
ਤੂੰ ਪੰਡ ਨੂੰ ਆਣ ਚੁਕਾਵੀਂ
ਇਹ ਪੱਤਿਆਂ ਦੀ ਪੰਡ ਹੈ ਭਾਰੀ
ਦਿਲ ਹੌਲਾ ਨਾ ਕਰ ਜਾਵੀਂ
ਮੁੱਲ ਨਾ ਪੈਣਾ ਸ਼ਹਿਰ-ਬਜ਼ਾਰੀਂ
..ਧੋਖਾ ਨਾ ਖਾ ਜਾਵੀਂ
ਆਵੀਂ ਮੇਰੇ ਵਿਹੜੇ ਅੜਿਆ
ਪਿੱਪਲ ਰੁੱਖ ਲਿਆਵੀਂ ......
.......................ਆਵੀਂ ਮੇਰੇ ਵੇਹੜੇ ਅੜਿਆ ...................

# ਸੁਪਨੇ

ਇੱਕ ਦਿਨ ਘਰੋਂ
ਟੁਰ ਪਏ ਸਾਂ
ਸੁਪਨਿਆਂ ਨੂੰ ਖੀਸੇ ਪਾਈ
ਉੱਤੇ ਮਜਬੂਰੀਆਂ ਦਾ ਜਿੰਦਾ ਲਾਈ
ਪੋਲੇ-ਪੋਲੇ ਕਦਮੀਂ
ਹੌਂਸਲੇ ਬੁਲੰਦ ਕਰ
ਹੌਲੀ-ਹੌਲੀ ਅਗਾਂਹ ਨੂੰ ਵਧਦੇ
ਇਸ ਆਸ ਨੂੰ ਹਿੱਕ ਨਾਲ ਲਾਈ
......ਕਿ
ਇੱਕ ਦਿਨ ਐਸਾ ਆਵੇਗਾ
ਜਦੋਂ
ਇਹਨਾਂ ਸੁਪਨਿਆਂ ਨੂੰ ਅਜ਼ਾਦ ਕਰ
ਅਸਮਾਨੀ ਆਪਣੀ
ਸਤਰੰਗੀ ਪੀਂਘ ਪਾਵਾਂਗੇ
ਪਰ ਜਿੰਮੇਦਾਰੀਆਂ ਦਾ ਕੀੜਾ
ਖਬਰੇ ਕਿਹੜੇ ਵੇਲੇ
ਸਾਡੀ ਜੇਬ
ਹੇਠੋਂ ਬੋਦੀ ਕਰ ਜਾਂਦਾ ਹੈ
ਅਤੇ ਸਾਰੇ ਸੁਪਨੇ
ਲੰਘਦੇ ਵਕਤ ਨਾਲ
ਜੇਬ ਦੀਆਂ ਮੋਰੀਆਂ ਥਾਣੀ
ਇੱਕ-ਇੱਕ ਕਰਕੇ
ਕਿਰ ਜਾਂਦੇ ਨੇ
ਤੇ ਪਿੱਛੇ ਰਹਿ ਜਾਂਦੀ ਹੈ

ਰੰਗਾਂ 'ਚ ਲਿੱਬੜੀ
ਮੈਲੀ ਅਤੇ ਲੀਰਾਂ ਹੋਈ ਜੇਬ
ਦੱਸ ਹੁਣ ਕੀ ਕਰੀਏ !
ਜਾਂ ਤਾਂ ਨਵੀਂ ਜੇਬ ਲਵਾਈਏ
ਜਾਂ ਕੋਈ ਹੋਰ ਵਿਉਂਤ ਬਣਾਈਏ
.........ਸੁਪਨੇ,
ਵਿੱਚ ਖੀਸੇ ਪਾ ਚੱਲਣ ਨਾਲੋਂ
ਧਰਤੀ ਦੀ ਕੁੱਖ ਵਿੱਚ ....
.....ਦੱਬ ਆਈਏ
ਸ਼ਾਇਦ ਕੋਈ ਸੁੱਚਾ ਸੁਪਨਾ
ਬਣ ਜਾਏ ਧਰਤੀ ਦਾ ਜਾਇਆ
ਖੌਰੇ ਕੋਈ ਸੁਪਨਾ ਪੁੰਗਰੇ
ਪਾਕੇ ਚੋਲਾ ਜ਼ਿੰਦਗੀ ਵਾਲਾ
ਫੇਰ ਉਹ ਰੁੱਖ ਸੁਪਨਿਆਂ ਵਾਲਾ
ਠਾਹਰ ਦੇਵੇ ਰਾਹੀਆਂ ਨੂੰ
ਜੋ ਟੁਰ ਪਏ ਨੇ ਆਪਣੇ ਘਰ ਤੋਂ
ਸਾਡੇ ਵਾਂਗਰ ਜੇਬ ਲਵਾ ਕੇ
ਵਿੱਚ ਰੀਝਾਂ ਤੇ ਸੁਪਨਾ ਪਾਕੇ .........

# ਕਵਿਤਾ ਨਹੀਂ

ਨਾ, ਤੂੰ ਮੇਰਾ ਰਾਖਾ ਹੋਣ ਦਾ ਦਾਅਵਾ ਨਾ ਕਰ !
ਕਿੱਥੇ-ਕਿੱਥੇ ਕਰੇਂਗਾ ਰਾਖੀ ਮੇਰੀ?
ਮੈਂ ਤਾਂ ਰੂਆਂ-ਰੂਆਂ,
ਲਾਲ-ਬੱਤੀ ਜਿਹੇ ਬਜ਼ਾਰਾਂ ਵਿੱਚ,
ਨਿੱਤ ਮਰਦੀ ਹਾਂ
ਬਚਾ ਸਕਦਾ ਏਂ ?
ਨਿੱਤ ਤਾਰ-ਤਾਰ ਹੁੰਦੀ ਮੇਰੀ ਰੂਹ
ਅਤੇ ਪੋਟਾ-ਪੋਟਾ ਵਿਕਦਾ ਮੇਰਾ ਜਿਸਮ.....
ਜੇ ਨਹੀਂ !
ਤਾਂ ਮੇਰਾ ਰਾਖਾ ਬਣਨ ਦਾ ਵਾਅਦਾ ਨਾ ਕਰ.....
ਕਿਸ-ਕਿਸ ਤੋਂ ਬਚਾਏਂਗਾ ਮੈਨੂੰ ?
ਮੈਂ ਤਾਂ ਰੋਜ਼
ਆਪਣੀ ਮਾਂ ਦੀ ਕੁੱਖ ਵਿੱਚ
ਲਹੂ-ਲੁਹਾਣ ਕੀਤੀ ਜਾਂਦੀ ਹਾਂ
ਰੂੜੀ 'ਤੇ ਕੂੜੇ ਵਾਂਗ,
ਨਿੱਤ ਸੁੱਟੀ ਜਾਂਦੀ ਹਾਂ
ਮੇਰੇ ਬੇਜਾਨ ਲੋਥੜੇ ਵਿੱਚ ਜਾਨ
ਜਾਂ ਏਸ ਮੁਰਦਾ ਸਮਾਜ ਵਿੱਚ
ਰੂਹ ਫੂਕ ਸਕਦਾ ਏਂ ?
ਜੇ ਨਹੀਂ !
ਤਾਂ ਮੇਰਾ ਰਾਖਾ ਹੋਣ ਦਾ ਦਾਅਵਾ ਨਾ ਕਰ........
ਇੱਕ ਦਿਨ ਤੂੰ ਹੀ ਆਪਣੀ ਫੋਕੀ ਇਜ਼ਤ ਲਈ
ਮੇਰਾ ਗਲਾ ਦੱਬ ਦੇਵੇਂਗਾ
ਕੀ ਪਤਾ ਕਿਸੇ 'ਮਜ਼ਬੂਰੀ' ਹਿੱਤ

ਮੇਰੇ ਹੱਥੀਂ ਜ਼ਹਿਰ ਲਿਆ ਧਰੇਂ
ਜਾਂ ਸ਼ਾਇਦ ਕੋਈ ਲਾਲਚ
ਸਟੋਵ ਨੂੰ ਫਟਣ ਲਈ ਮਜ਼ਬੂਰ ਕਰ ਦੇਵੇ
ਨਾ, ਮੈਂ ਨਹੀ ਪਰਖਣਾ ਤੈਨੂੰ !
ਬੱਸ, ਤੂੰ ਮੇਰਾ ਰਾਖਾ ਬਣਨ ਦੀ ਕੋਸ਼ਿਸ਼ ਨਾ ਕਰ.......
ਨਾ ਮੈਂ ਅਮੜੀ ਦੀ ਕੁੱਖ ਵਿੱਚ ਮਹਿਫੂਜ਼
ਨਾ ਘਰ ਨੂੰ ਜਾਂਦੀ ਪਗਡੰਡੀ 'ਤੇ
ਮੇਰੀ ਚੁੰਨੀ ਖਿੱਚਣ ਵਾਲਿਆਂ ਹੱਥੋਂ
ਤੇਰੇ ਸੀਨੇ ਲੱਗੀ ਗੋਲੀ ਨਾਲ ਫਿਰ
...ਮੈਂ ਹੀ ਮਰਦੀ ਹਾਂ .....
ਨਾ ! ਤੂੰ ਮੇਰਾ ਰਾਖਾ ਬਣਨ ਦਾ ਅਹਿਸਾਨ ਨਾ ਕਰ......
ਆਪਣਾ-ਆਪ ਸੰਭਾਲਣ ਲਈ
ਮੈਂ ਉੱਠਾਂਗੀ, ਮੈਂ ਟੁਰਾਂਗੀ
ਬੜਾ ਨਾਜ਼ੁਕ ਬਣਕੇ ਰਹਿ ਲਿਆ
ਹੁਣ ਫੋਲਾਦ ਵੀ ਮੈਂ ਬਣਾਂਗੀ
ਜਾਣਦੀ ਹਾਂ, ਸਫ਼ਰ ਲੰਬਾ ਹੈ......
ਆ ਅੜਿਆ, ਏਸ ਸਫ਼ਰ ਵਿੱਚ.....
..ਮੇਰਾ ਸਾਥੀ ਬਣਨ ਦੀ ਕੋਸ਼ਿਸ਼ ਕਰ.......

# ਅੱਖਰ

ਰੋਜ਼ ਤੇਰੇ ਲਈ ਕਿੰਨੇ ਅੱਖਰ ਚੁਣਦੀ ਹਾਂ,
ਅਤੇ ਉਹਨਾਂ ਨਾਲ ਆਪਣੀ ਝੋਲੀ ਭਰ ਲੈਂਦੀ ਹਾਂ
ਪਰ ਕੋਈ ਵੀ ਅੱਖਰ ਤੇਰੀ-ਮੇਰੀ ਸਾਂਝ
ਦੇ ਮੇਚ ਦਾ ਨਹੀਂ ਲੱਗਦਾ
ਉਹ ਸਾਂਝ, ਜੋ ਸਿਰਫ ਸੁਪਨਿਆਂ ਤੀਕ ਸੀਮਤ ਹੈ
ਉਹਨੂੰ ਹਕੀਕਤ ਵਿੱਚ ਮਾਪਿਆ ਕਿੰਝ ਜਾਵੇ
ਇਹ ਖ਼ਿਆਲ ਆਉਂਦੇ ਹੀ
ਝੋਲੀ ਦੀਆਂ ਕੰਨੀਆਂ
ਢਿੱਲੀਆਂ ਛੱਡ ਦੇਂਦੀ ਹਾਂ
.....ਸਾਰੇ ਅੱਖਰ ਇੱਕ-ਇੱਕ ਕਰਕੇ
ਮੇਰੀ ਝੋਲੀ ਵਿੱਚੋਂ ਕਿਰ ਜਾਂਦੇ ਨੇ
ਉਹਨਾਂ ਵਿੱਚੋਂ ਕੁਝ ਅਸਮਾਨ ਦੇ ਤਾਰੇ
ਬਣ ਬਹਿੰਦੇ ਨੇ
....ਕੁਝ ਤ੍ਰੇਲ ਦੇ ਤੁਪਕੇ ਬਣ
ਘਾਹ ਦੀਆਂ ਤਿੜਾਂ ਦਾ ਮੂੰਹ ਚੁੰਮਦੇ ਨੇ
ਪਰ ਅਗਲੇ ਦਿਨ ਮੈਂ ਤੇਰੇ ਲਈ
ਮੁੜ ਨਵੇਂ ਅੱਖਰ ਚੁਣਦੀ ਹਾਂ.........

# ਦਿਲ ਕਰਦੈ

ਦਿਲ ਕਰਦੈ ਤੂੰ ਕੋਈ ਕਵਿਤਾ ਲਿਖੇਂ
ਕਵਿਤਾ ਹੋਵੇ ਧੀ ਵਰਗੀ
ਕਾਲਜੇ ਨੂੰ ਠੰਡ ਪਾਉਂਦੀ
ਕਵਿਤਾ ਹੋਵੇ ਪੁੱਤ ਜਿਹੀ
ਅੱਖਾਂ ਵਿੱਚੋਂ ਵੀ ਮੁਸਕਾਉਂਦੀ ......
ਦਿਲ ਕਰਦੈ ਤੂੰ ਕੋਈ ਕਵਿਤਾ ਲਿਖੇਂ
ਕਵਿਤਾ ਇਸ਼ਕ?-ਹਕੀਕੀ ਜਿਹੀ
ਬੱਸ, ਇੱਕੋ ਨਸ਼ੇ ਵਿੱਚ ਲਬਰੇਜ਼
ਬਚਪਨ ਦੀ ਕਿਸੇ ਖੇਡ ਜਿਹੀ
ਜੋ ਮਿੱਟੀ ਤੋਂ ਨਾ ਕਰੇ ਗੁਰੇਜ਼ .......
ਦਿਲ ਕਰਦੈ ਤੂੰ ਕੋਈ ਕਵਿਤਾ ਲਿਖੇਂ .......

# ਪੀਚੋ

ਕਦੇ ਪੀਚੋ ਖੇਡੀ ਹੈ?
.....ਜ਼ਿੰਦਗੀ ਦੀ!
ਇੱਕ ਡੱਬੇ ਤੋਂ ਦੂਸਰੇ ਡੱਬੇ ਨੂੰ ਸਰ ਕਰਨ ਦੀ ਕੋਸ਼ਿਸ਼
ਪਰ ਖੇਡ ਪੂਰੀ ਹੋਣ ਤੋਂ
ਪਹਿਲਾਂ ਹੀ, ਘਰੋਂ 'ਵਾਜ਼ ਦਾ ਪੈ ਜਾਣਾ
ਡਰ ਝਿੜਕਾਂ ਦਾ ਸੀ, ਖੇਡ ਹਾਰਣ ਦਾ
ਜਾਂ ਬੱਸ ਹੁਕਮ ਮੰਨਣ ਦੀ ਆਦਤ ਸੀ
ਪਤਾ ਨਹੀਂ,
ਪਰ ਸਾਡਾ ਕਾਹਲੀ ਨਾਲ ਖੇਡ ਵਿੱਚੇ ਛੱਡ,
ਨੰਗੇ ਪੈਰੀਂ ਘਰ ਨੂੰ ਦੌੜਨਾ
ਲਾਜ਼ਿਮ ਜਿਹਾ ਲੱਗਦਾ ਸੀ,
ਹੁਣ ਲਗਦੈ, ਜਿਓਂ ਜ਼ਿੰਦਗੀ, ਸਰ ਕੀਤੇ
ਉਸ ਇੱਕ ਡੱਬੇ ਵਿੱਚ
ਕੈਦ ਹੋ ਕੇ ਰਹਿ ਗਈ ਏ
...........ਚੱਲ ਆ, ਇੱਕ ਵਾਰੀ ਫੇਰ ਖੇਡੀਏ
ਤੇ ਜ਼ਿੰਦਗੀ ਨੂੰ ਸਰ ਕਰੀਏ.....

# ਮੁਲਾਕਾਤ

ਖਿਆਲਾਂ ਦੀ ਕਿੱਲੀ ਤੇ ਟੰਗੀ
ਤੇਰੀ ਮੇਰੀ ਮੁਲਾਕਾਤ
ਮੈਂ ਰਾਤੀ ਲਾਹੀ
ਇਸ ਮੁਲਾਕ਼ਾਤ ਵਿਚ ਕੀਤੀਆਂ ਗੱਲਾਂ ਉੱਤੇ
ਕੁਝ ਮਜਬੂਰੀਆਂ 'ਤੇ ਕੁਝ ਮਗਰੂਰੀਆਂ ਦੀ
ਧੂੜ ਜੰਮੀ ਪਈ ਸੀ
ਮੈਂ ਹੋਲੀ ਜਿਹੀ ਇਹ ਧੂੜ ਝਾੜਨੀ ਚਾਹੀ
ਤਾਂ ਮੁਲਾਕਾਤ ਰੋਣ ਲੱਗ ਪਈ
ਸ਼ਾਇਦ ਤੰਦ ਮੈਲ ਪੈ ਗਈ
.....ਨਹੀਂ ਲੱਥਣੀ
ਮੈਂ ਉਦਾਸੇ ਮਨ ਨਾਲ, ਚੁੱਪਚਾਪ
ਤੇਰੀ-ਮੇਰੀ ਮੁਲਾਕਾਤ
ਮੁੜ ਖਿਆਲਾਂ ਦੀ ਕਿੱਲੀ ਤੇ ਟੰਗ ਦਿੱਤੀ
................... ਫਿਰ ਖਿਆਲਾਂ ਵਿਚ ਹੀ ਸਹੀ,
ਤੇਰੇ ਸਿਰ ਇੱਕ ਨਵੀਂ ਮੁਲਾਕ਼ਾਤ ਉਧਾਰ ਰਹੀ............

# ਜੋਗੀਆਂ ਵਾਲਾ ਫੇਰਾ

ਦਿਲ, ਜੋਗੀਆਂ ਵਾਲਾ ਫੇਰਾ
ਨਿੱਤ ਓਹਦੇ ਦਰ ਤੇ ਪਾਉਂਦੈ
ਪਰ ਹਮੇਸ਼ਾਂ ਦਰ ਖੜਕਾਏ ਬਿਨਾ
ਕੁਝ ਦੇਰ ਓਹਦੇ ਦਰ ਨੂੰ ਤੱਕ
ਅਗਾਂਹ ਟੁਰ ਜਾਂਦੈ
ਦਿਲ ਜਾਣਦੈ
ਕਿ ਦਰਵਾਜ਼ੇ ਦੇ ਉਸ ਪਾਸੇ
ਉਹਦੀ ਰੂਹ ਵੀ
ਖੜੀ ਹੋਵੇਗੀ
ਖੈਰ ਹੱਥਾਂ ਵਿਚ ਫੜੀ
ਬਿਨਾ ਕੁਝ ਬੋਲੇ
ਸਬਰ ਨਾਲ
ਦਰ ਖੜਕਣ, ਅਤੇ ਅਲਖ ਨਿਰੰਜਣ ਦੀ
ਧੁਨੀ ਨੂੰ ਉਡੀਕਦੀ
ਨਾ ਰੂਹ ਦੀ ਉਡੀਕ ਮੁੱਕਦੀ ਹੈ
ਨਾ ਦਿਲ ਦਾ ਸਫ਼ਰ ਮੁੱਕਦਾ ਹੈ
ਸ਼ਾਇਦ ਦੋਵਾਂ ਨੂੰ ਭਟਕਣ ਦਾ ਸਰਾਪ ਹੈ
ਜਾਂ ਆਦਿ ਤੋਂ ਅੰਤ ਤੀਕ ਦੇ ਅਖੀਰੀ ਪੜਾਵ ਲਈ
ਦੋਵਾਂ ਵਿਚੋਂ ਅਜੇ ਕੋਈ ਤਿਆਰ ਨਹੀਂ
ਸਿਲਸਿਲਾ ਚਲਦਾ ਹੈ................

# ਕਦੇ-ਕਦੇ

ਕਦੇ-ਕਦੇ, ਤੂੰ ਮੈਨੂੰ
ਕਿਸੇ ਹੋਰ ਦੇਸ ਦਾ ਵਾਸੀ ਲੱਗਦੈਂ,
ਨਾ ਮੈਂ ਤੇਰੀ ਉਲਝਣ ਸਮਝਾਂ,
ਨਾ ਤੂੰ ਮੇਰੀ ਬੋਲੀ..........
........ਨਹੀਂ ਜਾਣਦੀ,
ਹੇਰ-ਫੇਰ ਸਮੇਂ ਦਾ ਹੈ,
ਜਾਂ ਸਾਡੀਆਂ ਸਮਝਾਂ ਦਾ
ਪਰ ਕੋਈ ਅਣਦਿੱਖ ਜਿਹੀ ਡੋਰ
ਬੰਨੀ ਰੱਖਦੀ ਹੈ
ਮੈਨੂੰ ਤੇਰੇ ਨਾਲ
ਤੈਨੂੰ ਮੇਰੇ ਨਾਲ
ਤੇਰੇ ਮੇਰੇ ਵਿਚਲੀ ਕੰਧ ਵੀ ਤਾਂ ਨਹੀਂ ਦਿਸਦੀ !

ਇੱਕ ਦੂਜੇ ਵੱਲ ਉੱਠੇ ਕਦਮ
ਹਮੇਸ਼ਾਂ ਇੱਕ ਲਕੀਰ ਕੋਲ ਆਣ ਰੁਕ ਜਾਂਦੇ ਨੇ
ਇੱਕ ਹਾਉਂਕਾ ਭਰ
ਬਿਨਾ ਕੁਝ ਬੋਲੇ,
ਅਣਡੁੱਲੇ ਜਜ਼ਬਾਤਾਂ ਨਾਲ ਭਰੀਆਂ
ਨਿਗਾਹਾਂ ਨਾਲ ਕੋਈ ਕਰਾਰ ਕਰ ,
ਫੇਰ ਟੁਰ ਪੈਂਦੇ ਹਾਂ
ਅਗਲੇ ਸਫ਼ਰ ਤੇ
.........ਸਫ਼ਰ ਵੀ ਕਟ ਰਿਹਾ ਹੈ
ਕਿਸੇ ਅਣਭੋਲ ਆਸ ਦੇ ਸਹਾਰੇ
ਪਰ ਕਦੇ-ਕਦੇ, ਤੂੰ ਮੈਨੂੰ

ਕਿਸੇ ਹੋਰ ਦੇਸ ਦਾ ਵਾਸੀ ਲੱਗਦੈਂ
ਨਾ ਮੈਂ ਤੇਰੀ ਉਲਝਣ ਸਮਝਾਂ,
ਨਾ ਤੂੰ ਮੇਰੀ ਬੋਲੀ......

# ਪਿੰਡ ਦੀ ਹਵਾ

ਸੁਣ ਮੇਰੇ ਪਿੰਡ ਤੋਂ ਆਈ
ਠੰਡੀਏ ਹਵਾਏ
ਜਾਕੇ ਦੱਸੀਂ ਮੇਰੇ ਪਿੰਡ ਦੀ ਮਿੱਟੀ ਨੂੰ
'ਐ ਮੇਰੇ ਪਿੰਡ, ਤੂੰ ਤੇ ਤੇਰੀ
ਨਿੱਘੀ ਬੁੱਕਲ ਮੈਨੂੰ ਅੱਜ ਵੀ ਚੇਤੇ ਆਉਂਦੀ ਹੈ '
ਜਦੋਂ ਆਵਾਂਗੀ ਤਾਂ ਦਿਲ ਫੋਲਾਂਗੀ
ਨਾ ਇੱਥੋਂ ਦਾ ਪਾਣੀ ਮਿੱਠਾ
ਨਾ ਰਿਸ਼ਤਿਆਂ ਦਾ ਹੀ ਮਾਣ ਕੋਈ
....ਮੇਰੇ ਮਾਹੀ ਨੇ ਮੈਨੂੰ ਮੇਲੇ ਤੋਂ
ਕੱਚ ਦੀਆਂ ਵੰਗਾਂ ਲੈ ਕੇ ਦੇਣ ਦਾ ਜੋ
ਵਾਦਾ ਕੀਤਾ ਸੀ,
ਹੁਣ ਉਹੀ ਵਾਦਾ, ਹਰ ਮਹੀਨੇ
ਘਰ ਦੀ ਕਿਸ਼ਤ ਅਤੇ ਹੋਰ ਸੌਦਿਆਂ
ਦੀ ਕੀਮਤ ਤਾਰਨ ਲਈ
ਡਾਲਰਾਂ ਦੀ ਗਿਣਤੀ-ਮਿਣਤੀ ਵਿੱਚ
ਉਲਝ ਕੇ ਰਹਿ ਗਿਆ ਹੈ
ਇੱਥੇ ਲੱਕੜਾਂ ਦੇ ਘਰਾਂ ਨੂੰ
ਘੁਣ ਨਹੀਂ ਖਾਂਦਾ
ਘਰਾਂ 'ਚ ਰਹਿੰਦਿਆਂ ਨੂੰ
ਵੱਖੋ-ਵੱਖਰੇ ਘੁਣ,
ਅੰਦਰੋਂ-ਅੰਦਰੀ ਖਾ ਜਾਂਦੇ ਹਨ.......
..........................................
ਹਾਂ, ਪਿੰਡ ਦੀਏ ਭੋਲੀਏ ਜਾਈਏ
ਸੁਨੇਹਾ ਵੀ ਤੇਰਾ ਲਾਵਾਂਗੀ

ਪਰ ਮੁੜ ਵਤਨਾਂ ਨੂੰ ਜਾਣ ਤੋਂ ਪਹਿਲਾਂ
ਇੱਕ ਬਾਤ ਸੁਣਾ ਕੇ ਜਾਵਾਂਗੀ
....ਹੁਣ ਉਸ ਪਿੰਡ ਦੇ ਪਾਣੀ ਨੂੰ
ਜ਼ਹਿਰ ਦੀ ਪੁੱਠ ਚਾੜ ਦਿੱਤੀ ਗਈ ਹੈ
ਚਿੜੀਆਂ ਹੁਣ ਵਿਹੜਿਆਂ ਵਿੱਚ ਨਹੀਂ
ਚਹਿਚਹਾਉਂਦੀਆਂ
ਰਿਸ਼ਤੇ ਵੀ ਸਮੇਂ ਦੇ ਧੋਣ ਨਾਲ
ਬੋਦੇ ਹੋ ਗਏ ਹਨ
ਘਰਾਂ ਦੀਆਂ ਕੰਧਾਂ ਉੱਚੀਆਂ
ਅਤੇ ਨੀਹਾਂ ਕੱਚੀਆਂ ਹੋ ਗਈਆਂ ਹਨ
ਤੂੰ ਪਿੰਡ ਦਾ ਏਡਾ ਝੋਰਾ ਨਾ ਕਰਿਆ ਕਰ
ਹਰ ਥਾਂ ਚੂੜੀਆਂ ਪਾ ਬੈਠਣ ਵਾਲੇ
ਅਤੇ ਚੁੰਨੀਆਂ ਖਿੱਚਣ ਵਾਲੇ ਵੱਧ ਗਏ ਹਨ
ਸ਼ਾਇਦ....
ਹਾਂ ਸ਼ਾਇਦ ਤੂੰ ਲੱਕੜੀ ਦੇ ਏਸ ਘਰ ਵਿੱਚ
ਵੱਧ ਮਹਿਫੂਜ਼ ਏਂ.........

# ਦਿਲ ਨਾ ਜਾਣੇ ਜੋਗੀਆ

ਇਹ ਰਸਤਾ ਰੱਬ ਦੇ ਘਰ ਦਾ ਏ, ਜਾਂ ਲਟ-ਲਟ ਬਲਦੀ ਅੱਗ ਦਾ ਏ
ਦਿਲ ਨਾ ਜਾਣੇ ਜੋਗੀਆ , ਵੇ ਨਾ ਜਾਣੇ ਜੋਗੀਆ..........................
ਵੇਖੀ ਜਾਵੇ ਦਿਨ ਢਲਦੇ ਨੂੰ, ਫ਼ਿਰ ਰਾਤੀਂ ਤਰਲੇ ਪਾਵੇ
ਓਥੇ ਜਾਣਾ ਜੋਗੀਆ, ਵੇ ਮੈਂ ਜਾਣਾ ਜੋਗੀਆ .....................
ਪੈਰ ਲੂਹਣੇ ਤੱਤੀਆਂ ਰੇਤਾਂ, ਜਿੰਦ ਹੋਣੀ ਲੀਰਾਂ-ਲੀਰ
ਦਿਲ ਨਾ ਸਮਝੇ ਜੋਗੀਆ, ਵੇ ਨਾ ਸਮਝੇ ਜੋਗੀਆ...................
ਦਿਨੇ-ਰਾਤ ਏਹਨੂੰ ਸਮਝਾਵਾਂ, ਕਿਉਂ ਪੁੱਛਦੈਂ ਰਾਂਝਣ ਸਿਰਨਾਵਾਂ
ਆਖੇ ਜਾਣਾ ਜੋਗੀਆ.......ਓਥੇ ਮੈਂ ਜਾਣਾ ਜੋਗੀਆ.....................
ਪੱਲੇ ਪੈਣਾਂ ਅੱਗ ਦਿਆਂ ਲੇਖਾਂ, ਕਿੰਝ ਮੈਂ ਦਿਲ ਨੂੰ ਮੱਚਦਾ ਵੇਖਾਂ
ਏ ਨਈ ਮੰਨਦਾ ਜੋਗੀਆ.....ਦਿਲ ਨਾ ਸਮਝੇ ਜੋਗੀਆ....................

# ਰਿਸ਼ਤੇ ਦੀ ਥਾਹ

ਤੇਰੇ ਮੇਰੇ ਰਿਸ਼ਤੇ ਦੀ ਥਾਹ
ਨਾ ਤੈਨੂੰ ਹੈ, ਨਾ ਮੈਨੂੰ
ਦੋਸਤ ਬਣ ਕੇ ਵੀ ਦੋਸਤ ਨਹੀਂ
ਅਜਨਬੀ ਹੋਕੇ ਵੀ ਅਜਨਬੀ ਨਹੀਂ
ਤੇਰੀ-ਮੇਰੀ ਸਾਂਝ ਦੀ
ਤੰਦ,
ਨਾ ਜੁੜਦੀ ਹੈ
ਨਾ ਟੁੱਟਦੀ ਹੈ
ਬਸ ਦਿਲ ਦੇ ਕਿਸੇ ਕੋਨੇ ਵਿੱਚੋਂ
ਹੂਕ ਨਿਕਲਦੀ ਹੈ
ਕਾਸ਼.....
ਮੈਂ ਤੇਰੇ ਪੋਟਿਆਂ ਦੀ ਛੋਹ ਲੈਕੇ
ਤੇਰੀ ਕਲਮ ਰਾਹੀਂ ਤੁਰ
ਤੇਰੀ ਰੂਹ ਦੇ ਵਰਕੇ ਉੱਤੇ ਲਿਖੀ
ਸਦੀਵੀ ਇਬਾਰਤ ਬਣ ਸਕਦੀ.........
ਉਂਝ
ਤੇਰੇ-ਮੇਰੇ ਰਿਸ਼ਤੇ ਦੀ ਥਾਹ,
ਨਾ ਤੈਨੂੰ ਹੈ, ਨਾ ਮੈਨੂੰ......

# ਇਸ਼ਕ

ਤੂੰ ਹੈਂ ਤਾਂ ਇਸ਼ਕ? ਹੈ, ਤੂੰ ਹੈਂ ਤਾਂ ਹੈ ਇਬਾਦਤ
ਕਰਾਂ ਕਲਮ ਨੂੰ ਸਜਦਾ, ਜਿਸ ਲਿਖੀ ਇਸ਼ਕ ਇਬਾਰਤ
ਖੌਰੇ ਇਸ਼ਕ ਤੈਨੂੰ ਵੀ ਹੈ, ਜਾਂ ਭਰਮ ਹੈ ਬਸ ਦਿਲ ਦਾ
ਰਹਿ ਜਾਣਾ ਸੌਦਾ ਰੂਹ ਵਾਲਾ, ਢਹਿ ਜਾਣੀ ਜਿਸਮ ਇਮਾਰਤ
ਤੈਨੂੰ ਮਸਤੀ ਕਈਆਂ ਦੀ, ਅਸਾਂ ਦਰ-ਦਰ ਝੋਲੀ ਅੱਡੀ ਨਹੀਂ
ਤੇਰੀਆਂ ਅੱਖੀਆਂ ਮੋਹਣ ਲਈ, ਹੁਣ ਕੀਕਰ ਕਰਾਂ ਸਜਾਵਟ
ਮਿਲੇਂਗਾ ਸਾਨੂੰ ਅਗਲੇ ਜਨਮ, ਕਰ ਸਕੇਂ ਤਾਂ ਕਰ ਵਾਦਾ
ਨਾ ਲੱਥੇ ਮਸਤੀ ਇਸ਼ਕੇ ਦੀ, ਇਹ ਇਸ਼ਕ ਰੂਹ ਦੀ ਰਾਹਤ

# ਚੁੱਪ

ਇੱਕ ਚੁੱਪ ਪਸਰੀ ਹੈ, ਤੇਰੇ-ਮੇਰੇ ਵਿੱਚਕਾਰ
..ਚੁੱਪ ਬੜੀ ਕੱਚੀ ਹੁੰਦੀ ਹੈ
ਟੁੱਟ ਸਕਦੀ ਹੈ,
ਕਿਸੇ ਵੀ ਹਰਕਤ ਨਾਲ,
ਇੰਝ ਲਗਦੈ
ਜਿਵੇਂ ਸਾਹ ਰੋਕੀ ਖੜੇ ਹਾਂ
ਏਸ ਚੁੱਪ ਦੇ ਟੁੱਟਣ ਦੀ ਉਡੀਕ ਵਿਚ
ਜਾਂ ਸ਼ਾਇਦ
ਉਡੀਕ ਹੈ
ਪਹਿਲੇ ਹਾਉਂਕੇ ਦੀ
ਪਹਿਲਾ ਹਾਉਂਕਾ ਕੌਣ ਲਵੇ?
......ਜਜ਼ਬਾਤਾਂ ਉੱਤੇ
ਜ਼ਬਤ ਤੇਰਾ ਵੀ ਹੈ,
ਜ਼ਬਤ ਮੇਰਾ ਵੀ ਹੈ
...........ਪਰ, ਚੁੱਪ ਟੁੱਟਣ ਤੋਂ ਪਹਿਲਾਂ
ਹਾਉਂਕਾ ਲੈਣ ਤੋਂ ਪਹਿਲਾਂ
ਟੁੱਟੇਗਾ, ਅਹਿਮ ਦਾ ਸ਼ੀਸ਼ਾ
ਸ਼ੀਸ਼ਾ ਟੁੱਟਦੇ ਹੀ
ਟੁੱਟ ਜਾਵੇਗੀ
ਤੇਰੇ ਮੇਰੇ ਵਿੱਚਕਾਰ ਪਸਰੀ ਇਹ ਚੁੱਪ .....

# ਰੁੱਤੇ ਸਾਉਣ ਦੀਏ

ਨੀ ਰੁੱਤੇ ਸਾਉਣ ਦੀਏ, ਨੀ ਪੌਣੇ ਸਾਉਣ ਦੀਏ,
ਲੰਘੇ ਪਾਣੀਆਂ ਦੀ, ਕੋਈ ਬਾਤ ਸੁਣਾ ਜਾਵੀਂ,
ਦਿਲ ਦੇ ਹਾਣੀਆਂ ਦੀ, ਕੋਈ ਦੱਸ ਤੇ ਪਾ ਜਾਵੀਂ..........
ਮੈਂ ਵਾਰੀ ਜਾਵਾਂ ਨੀ, ਤੇਰੇ ਸਦਕੇ ਜਾਵਾਂ ਨੀ,
ਮੇਰਾ ਮਹਿਰਮ ਕੈਸਾ ਏ, ਮੇਰਾ ਜੋਗੀ ਕੈਸਾ ਏ,
ਤੂੰ ਵਿੱਚ ਹਵਾ ਦੇ ਨੀ, ਉਹਦੇ ਨਕਸ਼ ਬਣਾ ਜਾਵੀਂ,
ਦਿਲ ਦੇ ਹਾਣੀਆਂ ਦੀ, ਕੋਈ ਦੱਸ 'ਚਾ ਪਾ ਜਾਵੀਂ........
ਮੱਥੇ ਸੂਰਜ ਉੱਗਦਾ ਏ, ਸ਼ਾਮੀਂ ਦਿਲ ਵਿੱਚ ਡੁੱਬਦਾ ਏ,
ਕਦੀ ਅੱਖ ਦੇ ਸੁਰਮੇ ਜਿਹੇ, ਬੱਦਲਾਂ ਵਿੱਚ ਲੁਕਦਾ ਏ,
ਤੈਨੂੰ ਧਰਤ ਉਡੀਕੇ ਵੇ, ਉਹਨੂੰ ਬੋਲ ਸੁਣਾ ਆਵੀਂ,
ਦਿਲ ਦੇ ਹਾਣੀਆਂ ਦੀ, ਕੋਈ ਦੱਸ ਤੇ ਪਾ ਜਾਵੀਂ..........
ਕੀ ਜ਼ਿੰਦਗੀ ਹੁੰਦੀ ਏ, ਰੂਹ ਦੇ ਹਾਣ ਬਿਨਾ,
ਜਿਉਂ ਵੰਝਲੀ ਰਾਂਝੇ ਦੀ, ਸੁਰ ਤੇ ਤਾਨ ਬਿਨਾ,
ਮੈਂਡੇ ਬਚਦੇ ਸਾਹਵਾਂ ਨੂੰ, ਉਹਦੇ ਲੇਖੇ ਲਾ ਆਵੀਂ,
ਲੰਘੇ ਪਾਣੀਆਂ ਦੀ, ਕੋਈ ਬਾਤ ਸੁਣਾ ਜਾਵੀਂ.........
ਪੁਨੂੰ ਆਪੇ ਛਡਿਆ ਸੀ, ਸੱਸੀ ਨੂੰ ਸੜਨੇ ਲਈ
ਲਿਖਣ ਵਾਲਿਆਂ ਨੇ, ਇਹ ਸੱਚੀ ਗੱਲ ਨਾ ਕਹੀਂ
ਉਹਦੇ ਨਵੇਂ ਬਹਾਨਿਆਂ ਦੀ, ਕੋਈ ਕਾਤਰ ਲੈ ਆਵੀਂ,
ਲੰਘੇ ਪਾਣੀਆਂ ਦੀ, ਕੋਈ ਬਾਤ ਸੁਣਾ ਜਾਵੀਂ............

# ਰਿਸ਼ਤੇ

ਕੁਝ ਰਿਸ਼ਤੇ ਮੀਂਹ ਦੀ ਵਾਛੜ ਵਰਗੇ ਹੁੰਦੇ ਨੇ
ਝੱਟ ਵਰਸੇ, ਅਤੇ ਫੇਰ ਮੁੱਕ ਗਏ
ਕੁਝ ਰਿਸ਼ਤੇ ਵਗਦੇ ਪਾਣੀਆਂ ਵਰਗੇ ਹੁੰਦੇ ਨੇ
ਕਿਸੇ ਇੱਕ ਕਿਨਾਰੇ ਨਾਲ ਜੁੜ ਕੇ ਨਹੀਂ ਰਹਿੰਦੇ
ਕੁਝ ਰਿਸ਼ਤੇ ਖੜੇ ਪਾਣੀ ਵਰਗੇ ਹੁੰਦੇ ਨੇ
ਬਦਬੂਦਾਰ, ਸੜਾਂਦ ਮਾਰਦੇ
ਕੁਝ ਰਿਸ਼ਤੇ ਮੌਸਮੀ ਬੂਟਿਆਂ ਜਿਹੇ ਹੁੰਦੇ ਨੇ
ਹਰਦਮ, ਹਰਪਲ ਰੰਗ ਬਦਲਦੇ
ਕੁਝ ਰਿਸ਼ਤੇ ਰੁੱਖਾਂ ਦੀਆਂ ਜੜਾਂ ਵਰਗੇ ਹੁੰਦੇ ਨੇ
ਧਰਤੀ ਨਾਲ, ਦਿਲ ਨਾਲ ਹਰਪਲ ਜੁੜੇ
ਕੁਝ ਰਿਸ਼ਤੇ ਰਾਤ ਦੇ ਨਸ਼ੇ ਜਿਹੇ ਹੁੰਦੇ ਨੇ
ਦਿਨ ਚੜੇ, ਦਿਲੋਂ ਉੱਤਰ ਜਾਣ ਵਾਲੇ
ਕੁਝ ਰਿਸ਼ਤੇ ਗਿਰਝਾਂ ਜਿਹੇ ਹੁੰਦੇ ਨੇ
ਰਿਸ਼ਤਿਆਂ ਦਾ ਹੀ ਮਾਸ ਨੋਚ ਖਾਣ ਵਾਲੇ
ਕੁਝ ਰਿਸ਼ਤੇ ਹਨੇਰੀ ਵਾਂਗ ਹੁੰਦੇ ਨੇ
ਸਭ-ਕੁਝ ਹੂੰਝ ਲਿਜਾਂਦੇ ਨੇ
ਕੁਝ ਰਿਸ਼ਤੇ ਰੁਮਕਦੀ ਹਵਾ ਵਾਂਗ ਹੁੰਦੇ ਨੇ
ਜੋ ਚੁੱਪ-ਚਾਪ ਸਾਹਾਂ ਵਿੱਚ ਰਲ ਜਾਂਦੇ ਨੇ
ਕੁਝ ਰਿਸ਼ਤੇ ਧੜਕਨ ਜਿਹੇ ਹੁੰਦੇ ਨੇ
ਜੋ ਦਿਲ ਦੀ ਬਾਤ ਸੁਣਾਉਂਦੇ ਨੇ
ਕੁਝ ਰਿਸ਼ਤੇ ਰੇਤ ਜਿਹੇ ਹੁੰਦੇ ਨੇ
ਬੰਦ ਮੁੱਠੀ ਵਿੱਚੋਂ ਕਿਰ ਜਾਂਦੇ ਨੇ
ਕੁਝ ਰਿਸ਼ਤੇ ਬਜ਼ਾਰੂ ਚੀਜ਼ਾਂ ਵਾਂਗਰ ਹੁੰਦੇ ਨੇ
ਦੋ ਸਿੱਕਿਆਂ ਲਈ ਵਿਕ ਜਾਂਦੇ ਨੇ

ਕੁਝ ਰਿਸ਼ਤੇ ਮਹਿੰਦੀ ਦੇ ਰੰਗ ਵਾਂਗਰ ਹੁੰਦੇ ਨੇ
ਵਕਤ ਪਿਆਂ ਲੱਥ ਜਾਂਦੇ ਨੇ
ਕੁਝ ਰਿਸ਼ਤੇ ਬੱਚਿਆਂ ਜਿਹੇ ਹੁੰਦੇ ਨੇ
ਝੱਟ ਰੁਸਦੇ, ਝੱਟ ਮੰਨ ਜਾਂਦੇ ਨੇ
ਕੁਝ ਰਿਸ਼ਤੇ ਦੁਆ ਜਿਹੇ ਹੁੰਦੇ ਨੇ
ਜੋ ਵਿੱਚ ਇਬਾਦਤ ਰਲ ਜਾਂਦੇ ਨੇ
ਰਿਸ਼ਤਿਆਂ ਦੇ ਤਾਣੇ-ਬਾਣੇ ਵਿੱਚ ਉਲਝੀ,
ਸੋਚਦੀ ਹਾਂ
ਤੇਰੇ ਮੇਰੇ ਰਿਸ਼ਤੇ ਦਾ
ਅਸਲੀ ਰੂਪ ਕਿਹੜਾ ਹੈ?

# ਉਹ ਕੁੜੀ ਬਹੁਤ ਉਦਾਸ ਹੈ

ਉਹ ਕੁੜੀ ਬਹੁਤ ਉਦਾਸ ਹੈ.....
ਉਸ ਕੁੜੀ ਨੂੰ
ਵਾਲਾਂ ਤੋਂ ਫੜ
ਸਮਾਜ ਦੇ ਖੋਖਲੇ ਕਿੱਲੇ
ਨਾਲ ਬੰਨ ਦਿੱਤਾ ਗਿਆ ਹੈ
....ਪੈਰਾਂ ਵਿੱਚ
ਉਸ ਕੁੜੀ ਦੇ ਹੀ
ਭੋਲੇ ਜਜ਼ਬਾਤਾਂ ਦੀਆਂ
ਬੇੜੀਆਂ
ਪਾ ਦਿੱਤੀਆਂ ਗਈਆਂ ਹਨ
ਅੱਜਕਲ,
ਉਹ ਕੁੜੀ ਬਹੁਤ ਉਦਾਸ ਹੈ..........
ਆਪਣੇ ਲਈ
ਖੁੱਲਾ ਅਸਮਾਨ,
ਇੱਕ ਧਰਤੀ ਦਾ ਟੋਟਾ
ਮੰਗਣ ਵਾਲੀ
ਕਿਸਮਤ ਦੇ ਲਾਰਿਆਂ ਨਾਲ,
ਆਪਣੇ ਬੁੱਲ
ਸੀ ਕੇ
ਕਿਸੇ ਹਨੇਰੀ ਕੁੰਦਰ ਵਿੱਚ
ਜਾ ਬੈਠੀ ਹੈ
ਕਈ ਦਿਨਾਂ ਤੋਂ
ਇੱਕ ਕੁੜੀ ਬਹੁਤ ਉਦਾਸ ਹੈ......
ਡਰ ਹੈ, ਕਿਤੇ ਸੁੱਚੇ

ਚਾਨਣ ਤੋਂ
ਉਸਦਾ ਯਕੀਨ
ਨਾ ਉਠ ਜਾਵੇ
....ਰੋਜ਼ ਆਪਣੀਆਂ ਸੱਧਰਾਂ ਨੂੰ
ਬਾਲਣ ਵਾਂਗ
ਘਰ ਦੇ ਚੁੱਲ੍ਹੇ ਵਿੱਚ
ਲਟ-ਲਟ ਬਲਦਾ
ਜੁ ਵੇਖਦੀ ਹੈ
ਖਬਰੇ ਤਾਹੀਂ ਉਹ ਕੁੜੀ
ਬਹੁਤ ਉਦਾਸ ਹੈ.........
ਹੱਕ ਮੰਗਣ ਪਿੱਛੋਂ
ਰੋ-ਰੋ ਘੱਗੀ ਹੋਈ ਆਵਾਜ਼
ਕੋਈ ਨਹੀਂ ਸੁਣਦਾ....
..ਹੁਣ ਮੰਗਣਾ ਛੱਡ
ਹੱਕ ਲੈਣਾ ਸਿੱਖ
ਉੱਡਣ ਤੋਂ ਪਹਿਲਾਂ
ਟੁਰਨਾ ਸਿੱਖ
ਉਠ, ਹੰਝੂ ਪੂੰਝ
ਉਹ ਵੇਖ, ਚਾਨਣ ਦੀ ਛਿੱਟ !
ਸਫ਼ਰ ਨੂੰ, ਤੇਰੇ ਪਹਿਲੇ
ਕਦਮ ਦੀ ਉਡੀਕ ਹੈ....... ...

# ਯਾਦਾਂ ਦੇ ਨਕਸ਼

ਕੀ ਯਾਦਾਂ ਦੇ ਨਕਸ਼ ਹੁੰਦੇ ਨੇ?
ਜੇ ਹਾਂ,
ਤਾਂ ਤੇਰੀਆਂ-ਮੇਰੀਆਂ ਯਾਦਾਂ ਬੇਪਛਾਣ ਕਿੰਝ ਹੋ ਗਈਆਂ?
ਕਦੇ ਤੇਰੇ ਹੱਥਾਂ ਵਿਚਲਾ ਖੰਜਰ ਦਿਸਦਾ ਹੈ,
ਕਦੇ ਆਪਣੇ ਲਹੂ ਭਿੱਜੇ ਹੱਥ......
ਦੋਸ਼ੀ ਕੋਈ ਵੀ ਹੋਵੇ,
ਵਕ਼ਤ ਨੂੰ ਫਰਕ ਨਹੀਂ ਪੈਂਦਾ.....
ਬਸ, ਯਾਦਾਂ ਦੀ ਸਿਸਕੀ
ਇਨਸਾਫ਼ ਮੰਗਦੀ ਹੈ
ਤੇਰੀਆਂ ਤੂੰ ਜਾਣੇ, ਪਰ ਹੁਣ
.......ਮੈਂ ਭਗੌੜਾ ਬਣ ਨਹੀਂ ਜਿਉਣਾ

# ਕਾਗਜ਼ੀ ਗੱਲਾਂ !!

ਕਾਗਜ਼ ਦਾ ਇਹ ਦਿਲ ਮੇਰਾ, ਮੇਰੇ ਕਾਗਜ਼ ਦੇ ਅਹਿਸਾਸ
ਕਾਗਜ਼ ਦੇ ਹਰ ਟੁਕੜੇ ਨੂੰ, ਕਿਸੇ ਅੱਗ ਸੜਨ ਦੀ ਆਸ......
ਕਾਗਜ਼ ਤੇ ਮੈਂ ਲੀਕਾਂ ਵਾਹੁੰਦੀ, ਖੌਰੇ ਕਿਸਨੂੰ ਖ਼ਤ ਮੈਂ ਪਾਉਂਦੀ
ਕਾਗਜ਼ ਦੇ ਰਿਸ਼ਤੇ ਕੋਲੋਂ, ਲਾਵਾਂ ਕਿਹੜੀ ਸਾਂਝ ਦੀ ਆਸ !.......
ਕਾਗਜ਼ ਦਾ ਘਰ ਬਣਾਇਆ, ਨੀਂਹ-ਪੱਥਰ ਹੰਝੂਆਂ ਦਾ ਪਾਇਆ
ਸਿੱਲਾ ਹੋ ਕਿਤੇ ਢਹਿ ਨਾ ਜਾਵੇ, ਮੇਰਾ ਕਾਗਜ਼ ਦੇ ਵਿਚ ਵਾਸ........
ਕਾਗਜ਼ ਦਾ ਘੜਾ ਬਣਾਕੇ, ਠੇਲ ਲਿਆ ਕਿਸੇ ਵਿੱਚ ਝਨਾ ਦੇ
ਭਟਕ ਰਹੀ ਏ ਵਿੱਚ ਥਲਾਂ ਦੇ, ਕਾਗਜ਼ਾ ! ਬੁਝਣੀ ਨਾ ਕਦੇ ਪਿਆਸ .......
ਕਾਗਜ਼ ਦੀ ਗੁੱਡੀ ਬਣਾਕੇ, ਵੇਖੀ ਵਿਚ ਅਸਮਾਨ ਚੜ੍ਹਾਕੇ
ਲੁੱਟਣ ਪੈ ਗਏ ਸੱਜਣ-ਬੇਲੀ, ਅਸਾਂ ਲਾਹ ਲਈ ਹੋ ਹਤਾਸ........
ਕਾਗਜ਼ ਦੇ ਮਾਈ-ਬਾਪ-ਭਰਾ, ਕਾਗਜ਼ ਦੇ ਨੇ ਰੀਝਾਂ-ਚਾਅ
ਜੋ ਵਕ਼ਤ ਨੇ ਪਾਈਆਂ ਪਿੰਡੇ ਮੇਰੇ, ਕੁਝ ਲੀਕਾਂ ਕਾਗਜ਼ ਪਾਸ......
ਓਹ ਲੀਕਾਂ ਮੇਰੇ ਪਾਸ.... ਬਸ ਲੀਕਾਂ ਮੇਰੇ ਪਾਸ........

# ਕਿੰਝ ਸਮਝਾਵਾਂ ਕਮਲੀ ਨੂੰ

ਹਾਏ ਕਿੰਝ ਸਮਝਾਵਾਂ ਕਮਲੀ ਨੂੰ....
ਜਦ ਵੀ ਕਮਲੀ ਨੂੰ ਕਮਲ ਉੱਠਦਾ ਹੈ
ਪੁਰਾਣੇ ਵਾਦਿਆਂ ਦੇ, ਟੁੱਟੇ ਭਾਂਡੇ ਇਕੱਠੇ ਕਰ
ਲੀਰੋ-ਲੀਰ ਹੋਈਆਂ ਰੀਝਾਂ ਦੀ ਚੁੰਨੀ ਵਿਚ ਲਪੇਟ
ਹੱਟੀਓ-ਹੱਟੀ ਹੋਕਾ ਦਿੰਦੀ, ਮੁੱਲ ਵਟਾਉਣ ਟੁਰ ਪੈਂਦੀ ਹੈ
ਹਾਏ ਕਿੰਝ ਸਮਝਾਵਾਂ ਕਮਲੀ ਨੂੰ
ਇਹਨਾ ਟੁੱਟੇ ਭਾਂਡਿਆਂ ਦਾ, ਕੌਡੀ ਮੁੱਲ ਨਹੀ ਪੈਣਾ
ਪਰ ਹੱਟੀਆਂ 'ਤੇ ਬੰਨੇ ਕੁੱਤਿਆਂ ਨੇ
ਕਮਲੀ ਦਾ ਮਾਸ ਨੋਚ ਲੈਣਾ ਹੈ.........

ਜਦ ਵੀ ਕਮਲੀ ਨੂੰ ਕਮਲ ਉੱਠਦਾ ਹੈ
ਕੱਚੇ ਲਾਰਿਆਂ ਦੀ, ਜੂਠੀ ਮਿੱਟੀ ਨੂੰ ਘੜ
ਮੱਠੀਆਂ-ਮੱਠੀਆਂ ਯਾਦਾਂ ਦੀ ਅੱਗ ਵਿਚ ਰੱਖ
ਅਣਮੁੱਲੀ ਮੂਰਤ ਦਾ ਸੁਪਨਾ ਸਜਾਉਣ ਟੁਰ ਪੈਂਦੀ ਹੈ
ਹਾਏ ਕਿੰਝ ਸਮਝਾਵਾਂ ਕਮਲੀ ਨੂੰ
ਜੂਠੇ ਲਾਰਿਆਂ ਦੀ ਮਿੱਟੀ ਦਾ, ਰੱਬ ਨਹੀ ਬਣਦਾ
ਪਰ ਮੰਦਰ ਦੇ ਰਾਖਿਆਂ ਨੇ
ਏਹਨੂੰ ਦੇਵਦਾਸੀ ਸਮਝ ਬੋਚ ਲੈਣਾ ਹੈ......

ਜਦ ਵੀ ਕਮਲੀ ਨੂੰ ਕਮਲ ਉੱਠਦਾ ਹੈ
ਪੀੜਾਂ ਦੀਆਂ ਸੂਲਾਂ ਲੈ, ਜਫਾ ਦੇ ਧਾਗੇ ਚੁੱਕ
ਵਿਛੋੜਿਆਂ ਦੀ ਕਾਲੀ ਚਾਦਰ ਉੱਤੇ
ਵਸਲਾਂ ਦੀ ਆਸ ਦੇ, ਤੋਪੇ ਭਰਨ ਲਗਦੀ ਹੈ
ਹਾਏ ਕਿੰਝ ਸਮਝਾਵਾਂ ਕਮਲੀ ਨੂੰ

ਜਫਾ ਦੇ ਧਾਗੇ ਦਾ, ਕੋਈ ਵਜੂਦ ਨਹੀਂ ਹੁੰਦਾ
ਪਰ ਕਮਲੀ ਨੇ ਸੂਲਾਂ ਨਾਲ ਖਹਿ
ਭਰੇ ਜਖਮਾਂ ਨੂੰ ਖਰੋਚ ਲੈਣਾ ਹੈ......
ਹਾਏ ਕਿੰਝ ਸਮਝਾਵਾਂ ਕਮਲੀ ਨੂੰ.........

# ਬਰਫ ਦੀ ਸਲੇਟ

ਦਿਲ ਨਿਤ ਵਾਹੁਣੀ ਆਂ
ਬਰਫ ਦੀ ਸਲੇਟ ਤੇ
ਸਾਹਾਂ ਦੇ ਹੀ ਸੇਕ ਨਾਲ
ਪਿਘਲ ਜਾਂਦੈ ਚੰਦਰਾ
ਫੇਰ ਪਛਤਾਉਣੀ ਆਂ
ਪਾਣੀ ਮੂਹਰੇ ਬੈਠ ਕੇ
......
ਫੁੱਲ ਇਕ ਵਾਹੁਣੀ ਆਂ
ਬਰਫ ਦੀ ਸਲੇਟ ਤੇ
ਬਰਫ ਤੇ ਵਾਹਿਆ ਫੁਲ
ਕਦੇ ਮੁਰਝਾਉਂਦਾ ਨਹੀ
ਅਰਪਨ ਕਰ ਆਉਣੀ ਆਂ
ਸੂਰਜ ਅੱਗੇ ਮੱਥਾ ਟੇਕ ਕੇ
.....
ਤੈਨੂੰ ਪਿਆਰ ਲਿਖ ਦੇਨੀ ਆਂ
ਬਰਫ ਦੀ ਸਲੇਟ ਤੇ
ਉਹ ਠੰਡਾ-ਯਖ ਪਿਆਰ ਵੀ
ਬਣ ਹੰਝੂ, ਵਹਿ ਤੁਰਦਾ ਏ
ਨਿੱਘ ਜਦੋਂ ਦੇਨੀ ਆਂ
ਬੁੱਕਲ 'ਚ ਲਪੇਟ ਕੇ......

# ਸਿਆਹੀ ਤੇਰੇ ਹੰਝੂਆਂ ਵਾਲੀ.....

ਦਿਲ ਦੀ ਕਿਤਾਬ ਤੇ ਲਿਖਣ ਲਈ ...
ਜੋ ਤੇਰੇ ਤੋਂ ਮੈਂ ਲਈ ਉਧਾਰੀ
ਸਿਆਹੀ ਤੇਰੇ ਹੰਝੂਆਂ ਵਾਲੀ .....
ਨਕਸ਼ ਸੰਭਾਲੀ ਬੈਠੀ ਹੈ .....
ਹੁਣ ਵੀ ਤੇਰੇ ਮੇਰੇ ਪਿਆਰ ਦੇ .....
ਉਹਨਾ ਸਦੀਵੀ ਅੱਖਰਾਂ ਨੂੰ .......
ਕਰਾਂ ਕੋਸ਼ਿਸ਼ ਮਿਟਾਣ ਦੀ ......
ਤਾਂ ਕੇ ਭੁਲ ਸਕਾਂ ......ਹਾਂ ਭੁਲ ਸਕਾਂ ..
ਏਸ ਕੋਝੇ ਦਿਲ ਦੀਆਂ ਸਧਰਾਂ ਨੂ .....
ਪਰ ਉਹ ਅੱਖਰ ਫਿਰ ਵੀ ਮਿਟਦੇ ਨਾ .......
ਉਹ ਸਿਆਹੀ ਹੰਝੂਆਂ ਵਾਲੀ ......
ਜੋ ਸਾਡੇ ਸਾਹਾਂ ਦੇ ਹੀ ਸੇਕ ਨਾਲ
.......ਸੁੱਕ ਜਾਂਦੀ ਸੀ
ਅੱਜ ਅੱਖਰਾਂ ਵਿਚ ਲਾਵਾ ਹੈ ਬਣ ਬੈਠੀ ......
ਜਦ ਖੋਲਾਂ ਕਿਤਾਬ ਮੈਂ ਇਸ਼ਕ ਵਾਲੀ ......
ਤਾਂ ਕੇ ਪੜ ਸਕਾਂ ......ਹਾਂ ਪੜ ਸਕਾਂ ......
ਏਸ ਕਮਲੇ ਦਿਲ ਦੇ ਵਰਕਿਆਂ ਨੂੰ .......
ਪਰ ਓਹ ਅੱਖਰ ਫਿਰ ਵਿਖਦੇ ਨਾ .......
ਦਿਲ ਦੀ ਕਿਤਾਬ ਤੇ ਲਿਖਣ ਲਈ .....
ਜੋ ਤੇਰੇ ਤੋਂ ਮੈਂ ਲਈ ਉਧਾਰੀ
ਸਿਆਹੀ ਤੇਰੇ ਹੰਝੂਆਂ ਵਾਲੀ ......
ਨਕਸ਼ ਸੰਭਾਲੀ ਬੈਠੀ ਹੈ .....
ਹੁਣ ਵੀ ਤੇਰੇ ਮੇਰੇ ਪਿਆਰ ਦੇ .........

# ਰੂਹਾਂ

ਕੁਝ ਰੂਹਾਂ ਪਾਗਲ ਕਰਦੀਆਂ ਨੇ
ਕੁਝ ਰੂਹਾਂ ਪੀੜਾਂ ਜਰਦੀਆਂ ਨੇ
ਕੁਝ ਕੱਟਦੀਆਂ ਨੇ ਬਨਵਾਸ ਕਿਸੇ ਲਈ
ਕੁਝ ਹੱਕ ਲਈ ਆਪਣੇ ਲੜਦੀਆਂ ਨੇ
ਕੁਝ ਫਰਜਾਂ ਦੀ ਵਹਿੰਗੀ ਗਲ ਪਾਈ
ਰੋਜ, ਸਫਰ ਸਦੀ ਦਾ ਕਰਦੀਆਂ ਨੇ
ਕੁਝ ਰੂਹਾਂ ਦਸ ਸਿਰ ਢੋਂਹੰਦੀਆਂ ਨੇ
ਕੁਝ ਸੀਸ ਤਲੀ ਤੇ ਧਰਦੀਆਂ ਨੇ
ਹਾਏ ਰੂਹਾਂ ਪਾਗਲ ਕਰਦੀਆਂ ਨੇ’.
ਕੁਝ ਰੂਹਾਂ ਰਾਹ ਵਿਚ ਵਿੱਛੜ ਗਈਆਂ
ਹਾਏ ਚੀਰ ਕਲੇਜਾ ਨਿੱਖੜ ਗਈਆਂ
ਕੁਝ ਜਿੰਦਗੀ ਦੇ ਲੰਬੇ ਪੈਂਡੇ ਨੇ
ਖਾ ਲਈਆਂ, ਜੀ ਹੰਢਾ ਲਈਆਂ
ਕਿੰਜ ਸਮਝਾਂ ਗਹਿਰਾਈ ਰੂਹਾਂ ਦੀ
ਇਹ ਕੀ-ਕੀ ਕੋਤਕ ਕਰਦੀਆਂ ਨੇ
ਹਾਏ ਰੂਹਾਂ ਪਾਗਲ ਕਰਦੀਆਂ ਨੇ....
ਕੁਝ ਰੂਹਾਂ ਭਰਮ ਪਾ ਯਾਰੀ ਦਾ
ਸਰੇ ਬਜਾਰ ਨੰਗਿਆਂ ਕੀਤਾ
ਕੁਝ ਪਾਕੇ ਪਰਦਾ ਸ਼ਰਮਾਂ ਦਾ
ਰੂਹ ਦਾ ਨਗਨ ਲੁਕਾ ਦਿਤਾ
ਕੁਝ ਪਾ ਗਲਵੱਕੜੀ ਸ਼ਬਦਾਂ ਦੀ
ਰੂਹਾਂ ਦੇ ਸੌਦੇ ਕਰਦੀਆਂ ਨੇ
ਹਾਏ ਰੂਹਾਂ ਪਾਗਲ ਕਰਦੀਆਂ ਨੇ....

# ਵਰਕਾ ਲੈ ਦੇ ਧਰਤ ਜਿਹਾ

ਕਿਉਂ ਕਰ ਕਰਦਾ ਬਾਬਲ ਫਿਕਰਾਂ, ਕਿਉਂ ਮੱਥੇ ਵੱਟ ਪਿਆ ਵੇ
ਜੇ ਅਮੜੀ ਮੈਨੂੰ ਵਿਹਾਵਣ ਚਾਹਵੇ, ਦਾਜ-ਦਿੱਤ ਜੇ ਦੇਵਣ ਚਾਹਵੇ!
ਕੁਝ ਮੰਗਾਂ ਮੈਂ ਰੱਖੀਆਂ ਵੀਰਾ, ਰੱਖੀਆਂ ਸਭਨਾ ਦੇ ਸਾਹਵੇ
ਹਾੜਾ ਈ ਮੇਰੇ ਸੋਹਣੇ ਵੀਰਨਾ, ਮੇਰੀਆਂ ਰੀਝਾਂ ਤਾਈਂ ਪੁਗਾ ਵੇ
ਨਾ ਮੈਂ ਮੰਗਦੀ ਚੰਨ ਨਾ ਤਾਰੇ, ਜੋ ਅੰਬਰੀਂ ਰੱਬ ਜਾ ਖਿਲਾਰੇ
ਨਾ ਗਹਿਣੇ ਮੈਂ ਪਹਿਨਣ ਚਾਹਵਾਂ, ਨਾ ਸੋਹਣੇ ਲੀੜਿਆਂ ਦਾ ਚਾਅ ਵੇ
ਸਿਆਹ ਬੱਦਲਾਂ ਤੋਂ ਰੰਗ ਲਿਆ ਕੇ, ਖਾਲ ਜੇਹੀ ਇਕ ਦਵਾਤ ਬਣਾ ਕੇ
ਘੋਲ ਲੈਣੀ ਵਿਚ ਪੰਜਾਂ-ਪਾਣੀਆਂ, ਸਿਆਹੀ ਦੀ ਫਿਕਰ ਮੁਕਾ ਵੇ
ਇੱਕ ਵਰਕਾ ਲੈ ਦੇ ਧਰਤ ਜਿਹਾ, ਬੀਜਾਂ ਅੱਖਰਾਂ ਦੀਆਂ ਰਿਸ਼ਮਾਂ ਵੇ
ਹਲ ਜੇਹੀ ਕਲਮ ਘੜਾ ਦੇ ਵੀਰਨਾ, ਲੀਕਾਂ ਵਾਹੁਣੇ ਦਾ ਚਾਅ ਵੇ......

# ਸੋਚਾਂ ਦਾ ਸਾਂਝੀ ..........

ਸੋਚਾਂ ਦਾ ਸਾਂਝੀ ਉਹ, ਜਦ ਕੋਲੇ ਆ ਬਹਿੰਦਾ ਏ
ਤੂੰ ਕਿੱਥੇ ਗਵਾਚੀ ਸੈਂ ,ਹੱਸ ਕੇ ਕਹਿੰਦਾ ਏ
ਕੀ ਦਸਾਂ ਮੈਂ ਅੜਿਆ, ਮੈਂ ਕਿੱਥੇ ਗਵਾਚੀ ਸੀ
ਅਤੀਤ ਦੇ ਵਿਹੜੇ ਵਿੱਚ, ਕਰਦੀ ਪੋਚਾ-ਪਾਚੀ ਸੀ
ਨਿਸ਼ਾਨ ਮਿਟਦੇ ਨਾ, ਜਿੱਥੋਂ ਸੱਜਣ ਲੰਘ ਗਏ
ਪ੍ਰੀਤਾਂ ਮੁਰਝਾਈਆਂ ਨੇ, ਜੋ ਵਿਛੋੜੇ ਡੰਗ ਗਏ
ਸੁਪਨੇ ਵਿਚ ਆਉਣੇ ਦੀ, ਤਾਂਘ ਨਾ ਲਾਇਆ ਕਰ
ਮੈਂ ਸਦੀਆਂ ਤੋ ਸੁੱਤੀ ਨਹੀਂ, ਦਿਲ ਨੂੰ ਨਾ ਲਾਇਆ ਕਰ
ਸੋਚਾਂ ਦਾ ਸਾਂਝੀ ਉਹ, ਜਦ ਕੋਲੇ ਆ ਬਹਿੰਦਾ ਏ......
ਤੂੰ ਕਿੱਥੇ ਗਵਾਚੀ ਸੈਂ ,ਹੱਸ ਕੇ ਕਹਿੰਦਾ ਏ

# ਬੂਟੇ ਨਾਲ ਗੱਲਬਾਤ

ਜਿਹੜੇ ਬੂਟੇ ਦੀ ਛਾਂਵੇ ਬੈਠ
ਤੈਨੂੰ ਖ਼ਤ ਲਿਖੇ, ਉਹ ਬੂਟਾ ਅੱਜ ਤੇਰਾ ਹਾਲ ਪੁੱਛ ਰਿਹਾ ਸੀ....
ਜਦੋਂ ਤੂੰ ਸਾੜੇ ਹੋਣੇ ਮੇਰੇ ਖ਼ਤ,..ਕਿਹੜਾ ਸੀ ਉਹ ਸਾਲ, ਪੁੱਛ ਰਿਹਾ ਸੀ.....
ਪੁੱਛਦਾ ਸੀ,ਪੱਤਝੜ ਦੇ ਮੌਸਮ ਵਿਚ...ਟਹਿਣੀ ਤੋ ਨਿੱਖ਼ੜੇ ਪੱਤੇ,
ਕਦੇ ਤੈਨੂੰ ਮਿਲੇ ਨੇ !
ਉਹਨਾ ਹੀ ਪੀਲੇ ਪੱਤਿਆਂ ਤੇ ਸੁਨੇਹੇ ਲਿਖ, ਤੈਨੂੰ ਜੋ ਘੱਲਦੀ ਰਹੀ ਹਾਂ...
ਅੱਜਕਲ ਤਾਂ ਬਹਾਰ ਦਾ ਮੌਸਮ ਹੈ...
ਨਵੇਂ ਪੱਤੇ, ਨਵੀਆਂ ਕੋਪਲਾਂ ਅਤੇ ਬੂਰ ਪਿਆ ਏ ਬੂਟੇ ਤੇ....
ਪਰ ਸ਼ਾਇਦ ਕਮਲੇ ਨੂੰ ਆਪਣੇ
ਪੱਤਝੜ ਦੇ ਮੌਸਮ ਵਿੱਚ ਨਿੱਖੜੇ ਪੱਤਿਆਂ ਦੀ ਯਾਦ ਆ ਰਹੀ ਹੈ...
ਤਾਂ ਹੀ ਬਹਾਰ ਵਿੱਚ ਵੀ ਬੂਟੇ ਉੱਤੇ, ਉਦਾਸੀ ਦੀ ਬੱਦਲੀ ਛਾ ਰਹੀ ਹੈ.....
ਤੇਰਾ ਹਾਲ ਪੁੱਛਣ ਦੇ ਬਹਾਨੇ,
ਆਪਣੇ ਪਿਆਰਿਆਂ ਨੂੰ ਬੂਟਾ ਚੇਤੇ ਕਰਦਾ ਏ....
ਬੂਟੇ ਦੇ ਗਲ ਲੱਗ ਕੇ ਰੋਵਾਂ, ਚਿੱਤ ਮੇਰਾ ਵੀ ਕਰਦਾ ਏ....
ਪਰ ਲੋਕੀ ਕੀ ਕਹਿਣਗੇ ! ਦੁਨੀਆ ਕੀ ਸੋਚੇਗੀ !
ਤਮਾਸ਼ਬੀਨਾਂ ਦੇ ਡਰ ਤੋਂ....ਮੈਂ ਉਹਲਾ ਜਿਹਾ ਕਰ....
ਬੂਟੇ ਦੀ ਟਹਿਣੀ ਪਲੋਸ,
ਇੱਕ ਅਧੂਰਾ ਜਿਹਾ ਹੁੰਗਾਰਾ ਭਰ.....ਅਗਾਂਹ ਲੰਘ ਜਾਂਦੀ ਹਾਂ....
ਜਿਵੇਂ ਬੂਟਾ ਕੁਝ ਬੋਲਿਆ ਹੀ ਨਾ ਹੋਵੇ.....
ਤੇਰੇ ਖਤ ਦੀ ਉਡੀਕ ਤਾਂ ਮੈਨੂੰ ਵੀ ਹੈ.....
ਪਰ ਸ਼ਾਇਦ ਤੂੰ ਵੀ ਪੱਤਝੜ ਦੀ ਉਡੀਕ ਵਿੱਚ ਹੈਂ....
ਬਹਾਰ ਵਿੱਚ ਖਤ ਲਿਖਣ ਦਾ ਵਕਤ ਕਿਸ ਕੋਲ ਏ !....
ਖਤ ਲਿਖਣ ਲਈ ਪੀਲੇ ਪੱਤਿਆਂ ਦੀ ਸਲੇਟ ਵੀ ਤੇ ਚਾਹੀਦੀ ਏ !
ਤੂੰ ਫਿਕਰ ਨਾ ਕਰੀਂ, ਮੈਂ ਤੇਰੀ ਮਜਬੂਰੀ ਸਮਝਦੀ ਹਾਂ......

ਬੂਟੇ ਤੋਂ ਪਰਾਂ ਟੁਰਦੀ–ਟੁਰਦੀ, ਮੈਂ ਚੋਰੀ ਜਿਹੇ ਪਿਛਾਂਹ ਮੁੜ ਵੇਖਦੀ ਹਾਂ....
ਤਾਂ ਬੂਟਾ ਆਪਣੇ ਨਵੇਂ ਪੱਤਿਆਂ ਨੂੰ ਕਲਾਵੇ ਲੈ ....
ਹਾਉਂਕਾ ਲੈਂਦਾ ਨਜ਼ਰ ਆਉਂਦਾ ਹੈ......
ਜਾਂ ਸ਼ਾਇਦ ਮੇਰਾ ਭਰਮ ਹੈ.....ਹਾਂ ਜ਼ਰੂਰ ਮੇਰਾ ਭਰਮ ਹੀ ਹੈ......

# ਪੱਤੇ ਦੇ ਸਵਾਲ

ਮੇਰੀ ਜ਼ਿੰਦਗੀ ਦੀ ਗੱਡੀ ਵਿੱਚ,
ਪੈਸੇਂਜਰ ਸੀਟ ਤੇ ਪਿਆ ਪੱਤਾ
ਟਹਿਣੀਉ ਟੁੱਟਿਆ ਅਤੇ ਪੱਤਝੜ ਦਾ ਲੁੱਟਿਆ
ਬੜੇ ਉਲਝੇ ਜਿਹੇ ਸਵਾਲ ਪੁੱਛਦੈ
ਆਖੇ ਮੈਨੂੰ......
ਪੱਤਝੜ ਨੂੰ ਪਿਆਰ ਕਰਨ ਦਾ
ਦਾਅਵਾ ਕਰਨ ਵਾਲੀ
ਅੱਜ ਪਤਝੜ ਦੇ ਮੌਸਮ ਵਿੱਚ
ਬੂਹੇ ਬਾਰੀਆਂ ਬੰਦ ਕਰਕੇ
ਕਿਉਂ ਬੈਠੀ ਹੈ?
ਅਜੇ ਪਤਝੜ ਤਾਂ ਮੁੱਕੀ ਨਹੀਂ!
ਟਾਵਾਂ-ਟਾਵਾਂ ਪੱਤਾ ਅਜੇ ਵੀ
ਕਿਸੇ ਬਿਰਖ ਦੀ ਟਹਿਣੀ
ਦਾ ਪੱਲਾ ਫੜ
ਨਿੱਖੜ ਜਾਣ ਤੋਂ ਨਾਂਹ ਕਰੀ ਜਾਂਦਾ ਹੈ
ਰੰਗ ਭਾਵੇਂ ਉਸ ਪੱਤੇ ਦਾ,
ਟਹਿਣੀ ਨਾਲ ਜੁੜੇ ਹੋਣ ਦੇ ਬਾਵਜੂਦ,
ਬਦਰੰਗ ਹੋ ਗਿਐ
ਬੱਸ ਥੋੜੀ ਸੀਤ ਹਵਾ ਦੇ ਵਗਣ ਦੀ ਦੇਰ ਹੈ
ਅਤੇ ਪਤਝੜ ਦਾ ਪੂਰਾ 'ਰੂਪ'
ਖਿੜ ਕੇ ਨਜ਼ਰ ਆਵੇਗਾ
ਬਿਰਖਾਂ-ਬੂਟਿਆਂ ਦੀਆਂ
ਸੁੱਕੀਆਂ-ਨੰਗੀਆਂ ਟਹਿਣੀਆਂ
ਪੈਰਾਂ ਵਿੱਚ ਚਰਮਰਾਂਦੇ ਪੱਤੇ

ਕੁਝ ਸੀਤ ਹਵਾ ਦੇ ਬੁੱਲੇ
....ਇਹ ਸਭ ਪਤਝੜ ਦਾ ਨਿਖ਼ਾਰ
ਅਤੇ ਤੂੰ!!
ਪਤਝੜ ਨੂੰ ਪਿਆਰ ਕਰਨ ਦਾ ਦਾਅਵਾ ਕਰਨ ਵਾਲੀ
ਇਸ ਪੱਤੇ ਝੜਨ ਦੇ ਮੌਸਮ ਵਿੱਚ
ਬੂਹੇ-ਬਾਰੀਆਂ ਬੰਦ ਕਰਕੇ ਕਿਉਂ ਬੈਠੀ ਹੈਂ?
...............................................
ਸਭ ਗੱਲਾਂ ਸੁਣ, ਬੜੇ ਠਰੰਮੇ ਨਾਲ
ਦੱਸਦੀ ਹਾਂ ਇਸ 'ਟੁੱਟ-ਪੈਣੇ' ਪੱਤੇ ਨੂੰ
ਕਿ ਪਤਝੜ ਨਾਲ ਤਾਂ ਮੈਨੂੰ
ਅੱਜ ਵੀ ਪਿਆਰ ਹੈ
ਪਰ ਮੈਂ ਜੋ ਅਨਭੋਲ ਪੰਛੀਆਂ ਦਾ
ਨਿੱਕਾ ਜਿਹਾ
ਆਹਲਣਾ ਬਣਾਈ ਬੈਠੀ ਹਾਂ
ਉਹ ਆਹਲਣਾ ਸ਼ਾਇਦ
ਸੀਤ ਹਵਾ ਦਾ ਬੁੱਲਾ ਨਾ ਝੱਲ ਸਕੇ
ਡਰਦੀ ਹਾਂ, ਕਿਤੇ ਪਿਆਰੀ ਪਤਝੜ
ਆਪਣੇ ਸੁੱਕੇ ਪੱਤਿਆਂ ਨਾਲ
ਇਹ ਆਹਲਣਾ ਨਾ ਭਰ ਦੇਵੇ
ਜੇ ਇੰਝ ਹੋਇਆ
ਤਾਂ ਭੋਲੇ ਪੰਛੀ ਕਿੱਥੇ ਜਾਣਗੇ?
ਇਸੇ ਕਰਕੇ ਮੈਂ, ਪੱਤਝੜ ਨੂੰ ਪਿਆਰ ਕਰਨ ਵਾਲੀ
ਬੂਹੇ ਬਾਰੀਆਂ ਬੰਦ ਕਰਕੇ ਬੈਠੀ ਹਾਂ
......................................
ਮੇਰਾ ਹਲੀਮੀ ਨਾਲ ਦਿੱਤਾ ਜਵਾਬ ਸੁਣ
ਕੁਝ ਦੇਰ ਚੁੱਪ ਰਹਿਣ ਤੋਂ ਬਾਅਦ

ਮੇਰੀ ਜ਼ਿੰਦਗੀ ਦੀ ਪੈਸੇਂਜਰ ਸੀਟ ਉੱਤੇ ਪਿਆ ਪੱਤਾ
ਟਹਿਣੀਉ ਟੁੱਟਿਆ ਅਤੇ ਪੱਤਝੜ ਦਾ ਲੁੱਟਿਆ
.....ਨਿੰਮਾ-ਨਿੰਮਾ ਹੱਸਦਾ ਹੈ
ਜਿਵੇਂ ਉਸ ਨੂੰ ਮੇਰੀ ਕਾਇਰਤਾ ਦਾ
ਮੇਰੇ ਨਾਲੋਂ ਵੱਧ
ਅਹਿਸਾਸ ਹੋ ਗਿਆ ਹੋਵੇ
ਜੀਕਰ ਮੇਰੀ ਜ਼ਿੰਦਗੀ ਦਾ ਗਹਿਰਾ ਰਾਜ਼
ਉਸਨੇ ਭਲੀ-ਭਾਂਤ ਸਮਝ ਲਿਆ ਹੋਵੇ
ਫਿਰ ਮੈਂ, ਪੱਤਝੜ ਨੂੰ ਪਿਆਰ ਕਰਨ ਦਾ ਦਾਵਾ
ਕਰਨ ਵਾਲੀ
ਉਸ ਟਹਿਣੀਓ ਟੁੱਟੇ, ਪੱਤਝੜ ਦੇ ਲੁੱਟੇ ਪੱਤੇ ਨੂੰ
ਚੁੱਕ ਬਾਹਰ ਸੁੱਟ ਦੇਂਦੀ ਹਾਂ .....
ਅਤੇ ਮੁੜ ਬੂਹੇ ਬਾਰੀਆਂ ਬੰਦ ਕਰ
ਅੰਦਰ ਬੈਠ ਜਾਂਦੀ ਹਾਂ
ਮੇਰੀ ਜਿੰਦਗੀ ਦੀ ਗੱਡੀ ਵਿੱਚ
ਪੈਸੇਂਜਰ ਸੀਟ ਉੱਤੇ ਪਿਆ ਪੱਤਾ
ਬੜੇ ਉਲਝੇ ਜਿਹੇ ਸਵਾਲ ਕਰਦਾ ਸੀ.........

# ਮੇਰਾ ਸਵਰਗ.....

ਘਰ ਤਾਂ ਇਹ ਤੇਰਾ ਹੈ,
ਪਰ ਸ਼ਿੰਗਾਰ ਇਹ ਮੇਰਾ ਹੈ
ਵਿਹੜਾ ਵੀ ਇਹ ਤੇਰਾ ਹੈ,
ਪਰ ਨਿਖ਼ਾਰ ਇਹ ਮੇਰਾ ਹੈ
ਰੁਮਕਦੀ ਹਵਾ, ਪੀਲੇ ਪੱਤਿਆਂ ਦਾ ਮੀਂਹ
ਬੱਚਿਆਂ ਦੇ ਛਣਕਦੇ ਹਾਸੇ
ਲੁਕਣਮੀਟੀ ਖੇਡਦੀ ਕੋਸੀ ਧੁੱਪ,
ਢਲਕਦੇ ਪਰਛਾਵੇਂ,
ਆਪਣੇ ਨਿੱਕੇ ਵੀਰ ਨੂੰ ਖਿਝਾਂਦੀ
ਫੇਰ ਰੁੱਸੇ ਨੂੰ ਮਨਾਂਦੀ ਮੇਰੀ ਧੀ,
ਹਵਾ ਵਿੱਚ ਤੈਰਦਾ ਸੂਫੀ ਸੰਗੀਤ,
ਅਦਰਕ ਵਾਲੀ ਚਾਹ ਦੀ ਮਹਿਕ
ਮੇਰੇ ਹੱਥਾਂ ਵਿੱਚ ਕਿਸੇ ਪਿਆਰ-ਕਹਾਣੀ ਦੀ
ਘਸੀ-ਪਿਟੀ ਕਿਤਾਬ,
ਦਿਲ ਵਿੱਚ ਵਤਨਾਂ ਦੀ ਤਾਂਘ
ਪੀਲੇ ਸਰੋਂ ਫੁੱਲੇ ਖੇਤਾਂ ਦੀ ਯਾਦ
ਕਿਸੇ ਭੁੱਲੀ ਯਾਦ ਨੂੰ ਕਰ ਚੇਤੇ,
ਬੁੱਲਾਂ ਉੱਤੇ ਆਈ ਮੁਸਕਾਨ,
ਕੁਝ ਚਿਰ ਲਈ ਫਿਰ ਤੋਂ,
ਸਵਰਗ ਬਣਿਆ ਮੇਰਾ ਵਰਤਮਾਨ,
ਅੱਖਾਂ 'ਚ ਕੈਦ ਕਰ ਇਹ ਨਜ਼ਾਰਾ
ਦਿਲ 'ਚ ਸਮੋ ਇਹ ਪਿਆਰੀ ਯਾਦ,
ਮੈਂ ਫਿਰ ਖੋਹਲ ਬੈਠੀ ਆਪਣੀ
ਘਿਸੀ-ਪਿਟੀ ਹੋਈ ਕਿਤਾਬ........

ਪਰਿਵਾਰ ਇਹ ਤੇਰਾ ਹੈ, ਪਰ ਸਵਰਗ ਇਹ ਮੇਰਾ ਹੈ
ਇਸ ਸਵਰਗ ਵਿੱਚ ਆਉਣ ਦਾ
ਤੈਨੂੰ ਅੱਜ ਵੀ ਖੁੱਲਾ ਸੱਦਾ ਹੈ
ਪਰ ਹਮੇਸ਼ਾਂ ਵਾਂਗ,
ਸ਼ਾਇਦ ਵਕ਼ਤ ਨਾ ਮਿਲੇ ਤੈਨੂੰ,
ਤੇਰੇ ਮਿੱਤਰਾਂ ਦੀ ਮਹਿਫ਼ਿਲ ਤੋਂ,
ਰਿਸ਼ਤੇਦਾਰਾਂ ਦੀ ਹਲਚਲ ਤੋਂ,
ਨਸ਼ੇ ਦੇ ਹੁਲਾਰੇ ਤੋਂ,
ਜਾਂ ਡਾਲਰ ਦੇ ਚਮਕਾਰੇ ਤੋਂ,
....ਫ਼ਿਕਰ ਨਾ ਕਰ,
ਮੈਂ ਵੀ ਹਮੇਸ਼ਾਂ ਵਾਂਗ,
ਤਸਵੀਰਾਂ ਖਿੱਚ ਰੱਖਾਂਗੀ
ਤੂੰ ਦੁਨੀਆ ਨੂੰ ਵਿਖਾ ਲਵੀਂ
'ਇਹ ਸਭ ਕੁਝ ਮੇਰਾ' ਆਖ
ਰੋਅਬ ਵੀ ਜਮਾ ਲਵੀਂ
............ਇਹ ਹਾਉਕਾ ਕਿਸ ਲਿਆ?
ਮੇਰਾ ਕਮਲਾ ਦਿਲ ਹੋਣਾ!
ਚੰਦਰੇ ਨੂੰ ਕਿੰਨੀ ਵਾਰ ਸਮਝਾਇਆ ਹੈ,
ਸਵਰਗ ਵਿੱਚ ਹਾਉਕਿਆਂ ਦੀ ਥਾਂ ਨਹੀਂ
ਚਲ ਛੱਡ, ਇਸ ਕਮਲੇ ਦਿਲ ਦੀ ਗੱਲ
ਬਸ ਤੂੰ ਚੇਤੇ ਰਖੀਂ,
ਜੇ ਪਲ ਦੋ ਪਲ ਲਈ
ਫੇਰਾ ਪਾ ਸਕੇ ਤਾਂ,
ਮੇਰੇ ਸਵਰਗ ਵਿੱਚ ਆਉਣ ਦਾ
ਤੈਨੂੰ ਖੁੱਲਾ ਸੱਦਾ ਹੈ,
.......ਏਨਾ ਆਖ਼ , ਮੈਂ ਫ਼ਿਰ ਖੋਲ ਬੈਠੀ
ਕੋਈ ਪਰੀ ਕਹਾਣੀਆਂ ਵਾਲੀ ਕਿਤਾਬ.......

ਅੱਖਰ : 29060

ਸ਼ਬਦ : 7061